ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

You Tube https://youtu.be/LQwolgxDu7l

awazeqaumtvpunjab@gmail.com

ਸੋਮਵਾਰ, 30 ਜੂਨ 2025 (ਨਾਨਕਸ਼ਾਹੀ ਸੰਮਤ : ੫੫੭, ੧੬ ਹਾੜ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243




## ਰੱਗ ਮਨੀ ਮਾਮਲੇ 'ਚ ਮਜੀਠੀਆ ਦੀਆਂ ਵਧੀਆਂ ਮੁਸ਼ਕਲਾਂ, ਵਿਜੀਲੈਂਸ ਨੇ ਕਾਰਵਾਈ ਕੀਤੀ ਤੇਜ਼

**ਚੰਡੀਗੜ੍ਹ, 29 ਜੂਨ (ਆਵਾਜ਼ਿ ਕੌਮ ਬਿਊਰੋ)**-ਡਰੱਗ ਮਨੀ ਮਾਮਲੇ ਵਿਚ ਗ੍ਰਿਫਤਾਰ ਬਿਕਰਮ ਸਿੰਘ ਮਜੀਠੀਆ ਦੀਆਂ ਮੁਸ਼ਕਲਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ। ਵਿਜੀਲੈਂਸ ਨੇ ਬਿਕਰਮ ਸਿੰਘ ਮਜੀਠੀਆ ਖਿਲਾਫ ਕਾਰਵਾਈ ਤੇਜ਼ ਕਰ ਦਿੱਤੀ ਹੈ ਤੇ ਕਈ ਹੋਰ ਟਿਕਾਣਿਆਂ ਦੀ ਜਾਂਚ ਦੀ ਤਿਆਰੀ ਕੀਤੀ ਜਾ ਰਹੀ ਹੈ। ਮਿਲੀ ਜਾਣਕਾਰੀ ਮੁਤਾਬਕ ਕੱਲ੍ਹ ਮਜੀਠੀਆ ਨੂੰ ਜਾਂਚ ਲਈ ਪੰਜਾਬ ਅਤੇ ਹਿਮਾਚਲ ਦੇ ਕਈ ਸਥਾਨਾਂ 'ਤੇ ਲਿਜਾਇਆ ਜਾਵੇਗਾ। ਦੱਸਿਆ ਜਾ ਰਿਹਾ ਹੈ ਕਿ ਕਈ ਗਵਾਹਾਂ ਦੇ ਬਿਆਨਾਂ ਤੋਂ ਪ੍ਰਾਪਤ ਮਹੱਤਵਪੂਰਨ ਜਾਣਕਾਰੀ ਦੇ ਆਧਾਰ 'ਤੇ ਜਾਂਚ ਅੱਗੇ ਵਧ ਰਹੀ ਹੈ। ਕੇਸ ਵਿੱਚ ਮਿਲੀ ਨਵੀਂ ਜਾਣਕਾਰੀ ਦੇ ਆਧਾਰ 'ਤੇ, ਵਿਕਰਮ ਮਜੀਠੀਆ ਨੂੰ ਤਸਦੀਕ ਲਈ ਵੱਖ-ਵੱਖ ਸਥਾਨਾਂ 'ਤੇ ਲਿਜਾਇਆ ਜਾਵੇਗਾ। ਦੱਸ ਦਈਏ ਕਿ ਬੀਤੀ 25 ਜੂਨ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਵਿਜੀਲੈਂਸ ਨੇ ਹਿਰਾਸਤ ਵਿਚ ਲਿਆ ਸੀ। ਬੁੱਧਵਾਰ ਸਵੇਰੇ 15 ਅਧਿਕਾਰੀਆਂ ਦੀ ਟੀਮ ਅੰਮ੍ਰਿਤਸਰ ਸਥਿਤ ਉਨ੍ਹਾਂ ਦੇ ਗ੍ਰੀਨ ਐਵੇਨਿਊ ਸਥਿਤ ਘਰ ਪਹੁੰਚੀ। ਵਿਜੀਲੈਂਸ ਦੇ ਐੱਸ. ਐੱਸ. ਪੀ. ਲਖਬੀਰ ਸਿੰਘ ਦੀ ਅਗਵਾਈ ਵਿਚ ਟੀਮ ਮਜੀਠੀਆ ਦੇ ਘਰ ਪਹੁੰਚੀ ਅਤੇ ਰੇਡ ਕੀਤੀ। ਇਹ ਰੇਡ ਨਸ਼ੇ ਦੇ ਮਾਮਲੇ ਵਿਚ ਕੀਤੀ ਗਈ ਸੀ।

### ਲੋਕਾਂ ਦੇ ਹਾਲਾਤ ਬਦਤਰ ਹੋਣ ਲੱਗੇ

# ਪੰਜਾਬ ਦੇ 7 ਪਿੰਡਾਂ ਦਾ ਟੁੱਟਿਆ ਸੰਪਰਕ

**ਗੁਰਦਾਸਪੁਰ, 29 ਜੂਨ (ਆਵਾਜ਼ਿ ਕੌਮ ਬਿਊਰੋ)**-ਜ਼ਿਲ੍ਹਾ ਗੁਰਦਾਸਪੁਰ ਦੇ ਮਕੌੜਾ ਪੱਤਣ ਰਾਵੀ ਦਰਿਆ 'ਤੇ ਬਣਿਆ ਅਸਥਾਈ ਪੁਲ ਚੁੱਕੇ ਜਾਣ ਕਾਰਨ ਰਾਵੀ ਦਰਿਆ ਤੋਂ ਪਾਰ ਵੱਸਦੇ 7 ਪਿੰਡਾਂ ਦਾ ਸੰਪਰਕ ਭਾਰਤ ਦੇਸ਼ ਨਾਲ ਟੁੱਟ ਚੁੱਕਾ ਹੈ ਅਤੇ ਇਨ੍ਹਾਂ ਪਿੰਡਾ ਨੂੰ ਜਾਣ ਦਾ ਇਕ ਮਾਤਰ ਸਹਾਰਾ ਕਿਸ਼ਤੀ ਹੈ। ਆਜ਼ਾਦੀ ਤੋਂ ਬਾਅਦ ਇਸ ਰਾਵੀ ਦਰਿਆ ਤੋਂ ਪਾਰ 14 ਪਿੰਡ ਵਸਦੇ ਸਨ ਪਰ ਆਜ਼ਾਦੀ ਦੇ 76 ਸਾਲ ਬੀਤ ਜਾਣ ਦੇ ਬਾਵਜੂਦ ਪਿੰਡਾਂ ਦੀ ਸਾਰ ਨਹੀਂ ਲਈ ਗਈ। ਇਸ ਦੌਰਾਨ 14 'ਚੋਂ 7 ਪਿੰਡ ਹੀ ਮੌਜੂਦ ਹਨ। ਰਾਵੀ ਦਰਿਆ ਤੋਂ ਪਾਰ ਵਸਦੇ ਪਿੰਡਾਂ ਦੇ ਲੋਕਾਂ ਨੇ ਦੱਸਿਆ ਕਿ ਭਾਰਤ-



ਪਾਕਿ ਸਰਹੱਦ ਨਾਲ ਲੱਗਦੇ ਲਗਭਗ ਦਰਜਨ ਪਿੰਡਾਂ ਦੇ ਲੋਕ ਕਹਿਣ ਨੂੰ ਤਾਂ ਭਾਰਤ ਦਾ ਹਿੱਸਾ ਹਨ ਪਰ ਬਰਸਾਤ ਦੇ ਦਿਨਾਂ ਵਿਚ ਇਨ੍ਹਾਂ ਪਿੰਡਾਂ ਦੇ ਲੋਕ ਖ਼ੁਦ ਨੂੰ ਬੇਸਹਾਰਾ ਮਹਿਸੂਸ ਕਰਦੇ ਹਨ। ਉਨ੍ਹਾਂ ਕਿਹਾ ਆਜ਼ਾਦੀ ਦੇ ਇੰਨੇ ਸਾਲ ਬੀਤ ਜਾਣ ਤੋਂ ਬਾਅਦ ਵੀ ਪੁਲ ਦੇ ਪਾਰ ਵੱਸਦੇ 7 ਪਿੰਡਾਂ ਦੇ ਲੋਕ ਆਪਣੇ ਆਪ ਨੂੰ ਗ਼ੁਲਾਮ ਸਮਝਦੇ ਹਨ, ਕਿਉਂਕਿ ਜਦ ਵੀ ਇਹ ਅਸਥਾਈ ਪੁਲ ਚੁੱਕ ਲਿਆ ਜਾਂਦਾ ਹੈ ਤਾਂ ਇਨ੍ਹਾਂ ਲੋਕਾਂ ਦਾ ਸੰਪਰਕ ਦੇਸ਼ ਨਾਲੋਂ ਟੁੱਟ ਜਾਂਦਾ ਹੈ। ਕਈ ਲੋਕ ਤਾਂ ਕਹਿੰਦੇ ਹਨ ਕਿ ਇਨ੍ਹਾਂ ਦਿਨਾਂ ਵਿਚ ਸਾਨੂੰ ਇਹ ਪਤਾ ਨਹੀਂ ਚਲਦਾ ਕਿ ਅਸੀਂ ਕਿਸ ਦੇਸ਼ ਦੇ ਨਾਗਰਿਕ ਹਾਂ ਕਿਉਂਕਿ ਇਹ ਇਲਾਕਾ ਦੋ ਦਰਿਆਵਾਂ ਦੇ ਪਾਰ ਅਤੇ ਐੱਲ. ਓ. ਸੀ. ਨਾਲ ਲੱਗਦਾ ਹੈ। ਬਰਸਾਤ ਦੇ ਮੌਸਮ ਵਿਚ ਨਹਿਰੀ ਵਿਭਾਗ ਵੱਲੋਂ ਬਣਾਇਆ ਗਿਆ ਪਲਟੂਨ ਪੁਲ ਚੁੱਕ ਲਿਆ ਜਾਂਦਾ ਹੈ ਤੇ ਲੋਕਾਂ ਨੂੰ ਆਉਣ-ਜਾਣ ਲਈ ਇਕ ਮਾਤਰ ਬੇੜੀ ਦਾ ਸਹਾਰਾ ਲੈਣਾ ਪੈਂਦਾ ਹੈ। ਜੋ ਦਰਿਆ 'ਚ ਪਾਣੀ ਦਾ ਪੱਧਰ ਜ਼ਿਆਦਾ ਹੋਣ ਕਰਕੇ ਕਈ ਵਾਰ ਨਹੀਂ ਚੱਲ ਸਕਦੀ ਅਤੇ ਪਾਰ ਵਸਦੇ 7 ਪਿੰਡ ਇਕ ਟਾਪੂ ਬਣ ਜਾਂਦੇ ਹਨ ਤੇ ਫਿਰ ਲੋਕਾਂ ਦੇ ਆਉਣ ਜਾਣ ਦਾ ਕੋਈ ਸਾਧਨ ਨਹੀਂ ਹੁੰਦਾ। ਰਾਵੀ ਦਰਿਆ ਤੋਂ ਪਾਰ ਪੈਂਦੇ 7 ਪਿੰਡ ਭਰਿਆਲ, ਤੂਰਬਾਨੀ, ਰਾਏਪੁਰ ਚਿੱਬ, ਮੰਮੀ ਚਕਰੰਗਾਂ, ਕਜਲੇ, ਝੁੰਬਰ, ਲਸਿਆਣ ਆਦਿ ਪਿੰਡਾਂ ਦੇ ਲੋਕ ਅਕਸਰ ਹਰ ਸਾਲ ਪੱਕੇ ਪੁਲ ਦੀ ਆਸ ਰੱਖਦੇ ਹਨ ਪਰ ਉਨ੍ਹਾਂ ਦੀ ਆਸ ਅਧੂਰੀ ਰਹਿ ਜਾਂਦੀ ਹੈ।

## ਰੁਜ਼ਗਾਰ ਮੰਗਦੇ ਅਧਿਆਪਕਾਂ 'ਤੇ ਤਸ਼ੱਦਦ ! ਧਰਨਾ ਲਾਉਣ ਤੋਂ ਪਹਿਲਾਂ ਹੀ ਜ਼ਬਰਦਸਤੀ ਚੁੱਕ ਕੇ ਲੈ ਗਈ ਪੁਲਿਸ

**ਚੰਡੀਗੜ੍ਹ, 29 ਜੂਨ (ਆਵਾਜ਼ਿ ਕੌਮ ਬਿਊਰੋ)**-ਐਤਵਾਰ ਨੂੰ ਸੰਗਰੂਰ ਵਿਖੇ ਈਟੀਟੀ 5994 ਦੀ ਭਰਤੀ ਨੂੰ ਪੂਰਾ ਕਰਵਾਉਣ ਦੇ ਲਈ ਈਟੀਟੀ 5994 ਬੇਰੁਜ਼ਗਾਰਾਂ ਦੇ ਵੱਲੋਂ ਸੰਗਰੂਰ ਵਿਖੇ ਸੀਐਮ ਮਾਨ ਦਾ ਕੋਠੀ ਦਾ ਘਿਰਾਓ ਰੱਖਿਆ ਗਿਆ ਸੀ। ਜਿਵੇਂ ਹੀ ਅਧਿਆਪਕ ਕੇਡਰ ਉੱਥੇ ਇਕੱਠਾ ਹੀ ਹੋਇਆ ਹੋ ਰਿਹਾ ਸੀ ਕਿ ਉਸ ਤੋਂ ਧਰਨਾ ਲਗਾਉਣ ਤੋਂ ਪਹਿਲਾਂ ਹੀ ਪੁਲਿਸ ਦੇ ਪ੍ਰਸ਼ਾਸਨ ਵੱਲੋਂ ਜਿਹੜਾ ਬੇਰੁਜ਼ਗਾਰਾਂ ਨੂੰ ਵੇਰਕਾ ਪਲਾਂਟ ਤੋਂ ਚੱਕ ਲਿਆ ਗਿਆ। ਇਸ ਦੇ ਚਲਦੇ ਜਦੋਂ ਆਗੂਆਂ ਦੇ ਨਾਲ ਗੱਲ ਯੂਨੀਅਨ ਦੇ ਆਗੂਆਂ ਦੇ ਨਾਲ ਗੱਲ ਕੀਤੀ ਗਈ ਤਾਂ ਉਹਨਾਂ ਨੇ ਦੱਸਿਆ ਕਿ ਹਾਲੇ ਤਾਂ ਧਰਨੇ ਵਾਸਤੇ ਅਸੀਂ ਇਕੱਠੇ ਹੀ ਹੋ ਰਹੇ ਸੀ ਇਥੋਂ ਅਸੀਂ ਜੇ ਅੱਗੇ ਕੂਚ ਕਰਨਾ ਸੀ ਪਰ ਸਰਕਾਰ ਬੇਰੁਜ਼ਗਾਰਾਂ ਤੋਂ ਇਹਨਾਂ ਡਰੀ ਹੋਈ ਸੀ ਕਿ ਪੁਲਿਸ ਪ੍ਰਸ਼ਾਸਨ ਨੇ ਬੇਰੁਜ਼ਗਾਰਾਂ ਨੂੰ ਵੇਰਕਾ



ਮਿਲਕ ਪਲਾਂਟ ਤੋਂ ਧਰਨਾ ਸ਼ੁਰੂ ਕਰਨ ਤੋਂ ਪਹਿਲਾਂ ਹੀ ਚੱਕ ਲਿਆ ਅਤੇ ਉਹਨਾਂ ਦੇ ਨਾਲ ਖਿੱਚ ਧੂਹ ਵੀ ਕੀਤੀ, ਜਿਸ ਦੇ ਚਲਦੇ ਬੇਰੁਜ਼ਗਾਰਾਂ ਦੇ ਸੱਟਾਂ ਵੀ ਲੱਗੀਆਂ। ਯੂਨੀਅਨ ਆਗੂਆਂ ਦੇ ਨਾਲ ਜਦੋਂ ਗੱਲਬਾਤ ਹੋਈ ਤਾਂ ਉਨ੍ਹਾਂ ਨੇ ਸਰਕਾਰ ਨੂੰ ਸਿੱਧੀ ਇੱਕ ਚੇਤਾਵਨੀ ਦਿੱਤੀ ਕਿ ਜੇਕਰ ਸਾਡੇ ਸਾਥੀ ਜਲਦ ਤੋਂ ਜਲਦ ਰਿਹਾਅ ਨਹੀਂ ਕੀਤੇ ਜਾਂਦੇ ਤੇ ਮੰਗਾਂ ਦਾ ਪੂਰਾ ਹੱਲ ਨਹੀਂ ਕੀਤਾ ਜਾਂਦਾ ਤਾਂ ਅੱਜ ਅਸੀਂ ਕਿਸੇ ਵੀ ਹੱਦ ਤੱਕ ਜਾਵਾਂਗੇ ਕਿਉਂਕਿ ਇਹ ਧਰਨਾ ਹੁਣ ਸਰਕਾਰ ਦੇ ਨਾਲ ਆਰ ਜਾਂ ਪਾਰ ਕਰੋ ਜਾਂ ਮਰੋ ਦੀ ਸਿੱਧੀ ਲੜਾਈ ਹੈ। ਇਸਤੋਂ ਬਾਦ 5994 ਦੇ 3 ਸਾਥੀ ਭਾਵੁਕ ਹੋਕੇ ਬਬਲਪੁਰ ਪਾਵਰਗਰਿੱਡ ਉਪਰ ਚੜ੍ਹ ਗਏ। ਰੋਡ ਜਾਮ ਲਗਪਗ 2 ਘੰਟੇ ਤੱਕ ਕੀਤਾ ਗਿਆ। ਇਕ ਸਾਥੀ ਜਸਵਿੰਦਰ ਨੇ ਜਜ਼ਬਾਤੀ ਹੋ ਕੇ ਨਹਿਰ 'ਚ ਛਾਲ ਮਾਰ ਦਿੱਤੀ। ਉਪਰੰਤ ਪੁਲਿਸ ਨੇ ਸੜਕ ਤੋਂ ਜ਼ਬਰਦਸਤੀ ਅਧਿਆਪਕਾਂ ਨੂੰ ਚੁੱਕਿਆ।

## ਭੂਚਾਲ ਦੇ ਤੇਜ਼ ਝਟਕਿਆਂ ਨਾਲ ਕੰਬੀ ਧਰਤੀ, ਲੋਕ ਡਰਦੇ ਮਾਰੇ ਘਰਾਂ ਤੋਂ ਭੱਜੇ, ਰਿਕਟਰ ਸਕੇਲ 'ਤੇ 5.2 ਤੀਬਰਤਾ ਦਰਜ

**ਇਸਲਾਮਾਬਾਦ, 29 ਜੂਨ (ਆਵਾਜ਼ਿ ਕੌਮ ਬਿਊਰੋ)**-ਭਾਰਤ ਦੇ ਗੁਆਂਢੀ ਦੇਸ਼ ਪਾਕਿਸਤਾਨ ਵਿੱਚ ਅੱਜ ਸਵੇਰੇ ਜ਼ੋਰਦਾਰ ਭੂਚਾਲ ਆਇਆ। ਭਾਰਤੀ ਸਮੇਂ ਅਨੁਸਾਰ ਸਵੇਰੇ ਲਗਭਗ 3 ਵਜੇ 54 ਮਿੰਟ 'ਤੇ ਭੂਚਾਲ ਦੇ ਇੰਨੇ ਭਿਆਨਕ ਝਟਕੇ ਮਹਿਸੂਸ ਕੀਤੇ ਗਏ ਕਿ ਲੋਕ ਘਰਾਂ 'ਚੋਂ ਬਾਹਰ ਨਿਕਲ ਆਏ। ਰਿਕਟਰ ਸਕੇਲ 'ਤੇ ਇਸ ਭੂਚਾਲ ਦੀ ਤੀਬਰਤਾ 5.2 ਦਰਜ ਕੀਤੀ ਗਈ। ਭੂਚਾਲ ਦਾ ਕੇਂਦਰ ਪਾਕਿਸਤਾਨ ਦੇ ਉੱਤਰੀ-ਪੱਛਮੀ ਹਿੱਸੇ ਵਿੱਚ ਧਰਤੀ ਹੇਠਾਂ 150 ਕਿਲੋਮੀਟਰ ਦੀ ਡੂੰਘਾਈ ਵਿੱਚ ਮਿਲਿਆ। ਨੈਸ਼ਨਲ ਸੈਂਟਰ ਫਾਰ ਸੀਸਮੋਲੋਜੀ ਨੇ ਭੂਚਾਲ ਦੀ ਪੁਸ਼ਟੀ ਕੀਤੀ ਹੈ ਅਤੇ ਦੱਸਿਆ ਕਿ ਐਤਵਾਰ ਸਵੇਰੇ ਆਏ ਇਸ ਭੂਚਾਲ ਕਾਰਨ ਕਿਸੇ ਵੀ ਜਾਨ-ਮਾਲ ਦੇ ਨੁਕਸਾਨ ਦੀ ਕੋਈ ਖ਼ਬਰ ਨਹੀਂ ਮਿਲੀ। ਜਾਣਕਾਰੀ ਮੁਤਾਬਕ, ਬੀਤੇ ਦਿਨ ਵੀ ਪਾਕਿਸਤਾਨ ਵਿੱਚ 2 ਵਾਰ ਭੂਚਾਲ ਆਇਆ ਸੀ। ਸ਼ਾਮ ਕਰੀਬ 6 ਵਜੇ 53 ਮਿੰਟ ਤੋਂ ਲੈ ਕੇ 7 ਵਜੇ ਦੇ ਵਿਚਕਾਰ 2 ਵਾਰ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ। ਪਹਿਲੀ ਵਾਰੀ ਆਏ ਭੂਚਾਲ ਦੀ ਤੀਬਰਤਾ ਰਿਕਟਰ ਸਕੇਲ 'ਤੇ 4.4 ਦਰਜ ਕੀਤੀ ਗਈ, ਜਦਕਿ ਦੂਜੀ ਵਾਰੀ ਆਏ ਭੂਚਾਲ ਦੀ ਤੀਬਰਤਾ 3.2 ਸੀ। ਇਹ ਝਟਕੇ ਕਰਾਚੀ ਸ਼ਹਿਰ 'ਚ ਵੀ ਮਹਿਸੂਸ ਹੋਏ। ਭੂਚਾਲ ਦਾ ਕੇਂਦਰ ਧਰਤੀ ਹੇਠਾਂ 38 ਕਿਲੋਮੀਟਰ ਦੀ ਗਹਿਰਾਈ ਵਿੱਚ ਮਿਲਿਆ। ਲਾਂਧੀ ਖੇਤਰ ਵਿੱਚ ਫਾਲਟ ਲਾਈਨ ਦੇ ਟਕਰਾਅ ਕਾਰਨ ਪਾਕਿਸਤਾਨ ਵਿੱਚ ਭੂਚਾਲ ਆਉਂਦੇ ਹਨ। ਕਰਾਚੀ ਮੌਸਮ ਵਿਗਿਆਨ ਕੇਂਦਰ ਦੇ ਮੁਖ ਮੌਸਮ ਵਿਗਿਆਨੀ ਆਮਿਰ ਹੈਦਰ ਨੇ ਦੱਸਿਆ ਕਿ 1 ਜੂਨ ਤੋਂ ਲੈ ਕੇ ਹੁਣ ਤੱਕ ਪਾਕਿਸਤਾਨ ਵਿੱਚ 21 ਵਾਰੀ ਭੂਚਾਲ ਆ ਚੁੱਕਾ ਹੈ। ਦੱਸਣਯੋਗ ਗੱਲ ਹੈ ਕਿ ਪਾਕਿਸਤਾਨ ਭੂਚਾਲ ਦੇ ਮਾਮਲੇ 'ਚ ਸਭ ਤੋਂ ਜ਼ਿਆਦਾ ਸਰਗਰਮ ਦੇਸ਼ਾਂ ਦੀ ਸੂਚੀ 'ਚ ਸ਼ਾਮਲ ਹੈ। ਇੱਥੇ ਅਕਸਰ ਵੱਡੇ ਭੂਚਾਲ ਆਉਂਦੇ ਹਨ ਜੋ ਕਈ ਵਾਰ ਬਹੁਤ ਹੀ ਵਿਨਾਸ਼ਕਾਰੀ ਸਾਬਤ ਹੁੰਦੇ ਹਨ। ਪਾਕਿਸਤਾਨ ਯੂਰੇਸ਼ੀਅਨ ਅਤੇ ਭਾਰਤੀ ਟੈਕਟੋਨਿਕ ਪਲੇਟਾਂ ਦੇ ਓਵਰਲੈਪ ਵਿੱਚ ਆਉਂਦਾ ਹੈ। ਇਨ੍ਹਾਂ ਪਲੇਟਾਂ ਦੇ ਉੱਤੇ ਬਲੋਚਿਸਤਾਨ, ਖੈਬਰ ਪਖ਼ਤੂਨਖ਼ਵਾ ਅਤੇ ਗਿਲਗਿਟ-ਬਾਲਟੀਸਤਾਨ ਸਥਿਤ ਹਨ। ਇਹ ਇਲਾਕੇ ਇਰਾਨੀ ਪਠਾਰ ਅਤੇ ਯੂਰੇਸ਼ੀਅਨ ਪਲੇਟ ਦੇ ਦੱਖਣੀ ਕਿਨਾਰੇ ਉੱਤੇ ਵਸੇ ਹੋਏ ਹਨ। ਜਦਕਿ ਸਿੰਧ, ਪੰਜਾਬ, POK ਅਤੇ ਭਾਰਤ ਦਾ ਕਸ਼ਮੀਰ ਦੱਖਣੀ ਏਸ਼ੀਆ ਵਿੱਚ ਭਾਰਤੀ ਟੈਕਟੋਨਿਕ ਪਲੇਟ ਦੇ ਉੱਤਰੀ-ਪੱਛਮੀ ਕਿਨਾਰੇ ਉੱਤੇ ਸਥਿਤ ਹਨ। ਜਦੋਂ ਇਹ ਦੋਨਾਂ ਪਲੇਟਾਂ ਇੱਕ-ਦੂਜੇ ਨਾਲ ਟਕਰਾਉਂਦੀਆਂ ਹਨ ਤਾਂ ਇਨ੍ਹਾਂ ਇਲਾਕਿਆਂ ਵਿੱਚ ਭੂਚਾਲ ਆਉਂਦੇ ਹਨ।




## ਦਿਲਜੀਤ ਬਾਰੇ ਤਾਂ ਸਾਰੇ ਬੋਲੇ ਪਰ ਹੁਣ ਕੀ ਹੋਇਆ...? ਪਾਕਿਸਤਾਨੀ ਫਿਲਮ ਨਿਰਮਾਤਾ ਨਾਲ ਘੁੰਮਣ ਗਈ ਪ੍ਰਿਯੰਕਾ ਚੋਪੜਾ




**ਮੁੰਬਈ, 29 ਜੂਨ (ਆਵਾਜ਼ਿ ਕੌਮ ਬਿਊਰੋ)**-ਪ੍ਰਿਯੰਕਾ ਚੋਪੜਾ ਇਨ੍ਹੀਂ ਦਿਨੀਂ ਆਪਣੀ ਆਉਣ ਵਾਲੀ ਫਿਲਮ 'ਹੈੱਡ ਆਫ ਸਟੇਟ' ਨੂੰ ਲੈ ਕੇ ਰੁੱਝੀ ਹੋਈ ਹੈ। ਹਾਲ ਹੀ ਵਿੱਚ, ਪ੍ਰਿਯੰਕਾ ਦੇ ਪਰਿਵਾਰ ਨੇ ਇਸ ਫਿਲਮ ਦੀ ਇੱਕ ਵਿਸ਼ੇਸ਼ ਸਕ੍ਰੀਨਿੰਗ ਰੱਖੀ। ਪ੍ਰਿਯੰਕਾ ਚੋਪੜਾ ਨਾ ਸਿਰਫ ਇਸ ਬਾਰੇ ਬਹੁਤ ਖੁਸ਼ ਅਤੇ ਭਾਵੁਕ ਦਿਖਾਈ ਦਿੱਤੀ, ਬਲਕਿ ਉਸਨੇ ਆਪਣੇ ਸੋਸ਼ਲ ਮੀਡੀਆ ਹੈਂਡਲ ਤੋਂ ਪ੍ਰਸ਼ੰਸਕਾਂ ਲਈ ਤਸਵੀਰਾਂ ਵੀ ਸਾਂਝੀਆਂ ਕੀਤੀਆਂ। ਜੋ ਕਿ ਬਹੁਤ ਚਰਚਾ ਵਿੱਚ ਹੈ। ਪ੍ਰਿਯੰਕਾ ਚੋਪੜਾ ਨੇ ਇਹ ਤਸਵੀਰਾਂ ਆਪਣੇ ਇੰਸਟਾਗ੍ਰਾਮ ਅਕਾਊਂਟ ਦੀ ਸਟੋਰੀ 'ਤੇ ਸਾਂਝੀਆਂ ਕੀਤੀਆਂ ਹਨ। ਇਸ ਵਿੱਚ ਪਾਕਿਸਤਾਨੀ ਕੈਨੇਡੀਅਨ ਫਿਲਮ ਨਿਰਮਾਤਾ ਸ਼ਰਮੀਨ ਓਬੈਦ ਚਿਨੋਏ ਵੀ ਅਦਾਕਾਰਾ ਦੇ ਨਾਲ ਦਿਖਾਈ ਦੇ ਰਹੀ ਹੈ। ਨਾਲ ਹੀ, ਨਿਰਦੇਸ਼ਕ ਮੀਰਾ ਨਾਇਰ ਵੀ ਪੋਜ਼ ਦੇ ਰਹੀ ਹੈ। ਇਸ ਤੋਂ ਇਲਾਵਾ, ਇੱਕ ਫੋਟੋ ਵਿੱਚ ਅਭਿਨੇਤਰੀ ਨੇ ਪ੍ਰਸ਼ੰਸਕਾਂ ਨੂੰ ਆਪਣੀ ਮਾਲਤੀ ਮੈਰੀ ਚੋਪੜਾ ਜੋਨਸ ਦੀ ਇੱਕ ਝਲਕ ਵੀ ਦਿਖਾਈ। ਇਸ ਤੋਂ ਇਲਾਵਾ ਪ੍ਰਿਯੰਕਾ ਚੋਪੜਾ ਨੇ ਆਪਣੇ ਦਿਨ ਦੀਆਂ ਤਸਵੀਰਾਂ ਵੀ ਸਾਂਝੀਆਂ ਕੀਤੀਆਂ ਜਿਸ ਵਿੱਚ ਉਹ ਪਾਕਿਸਤਾਨੀ ਕੈਨੇਡੀਅਨ ਫਿਲਮ ਨਿਰਮਾਤਾ ਸ਼ਰਮੀਨ ਓਬੈਦ ਚਿਨੋਏ, ਮੀਰਾ ਨਾਇਰ ਅਤੇ ਅੰਜੁਲਾ ਆਚਾਰੀਆ ਨਾਲ ਦਿਖਾਈ ਦੇ ਰਹੀ ਹੈ। ਪ੍ਰਿਯੰਕਾ ਨੇ ਲਿਖਿਆ, 'ਅਗਸਤ ਦੀ ਕੰਪਨੀ ਵਿੱਚ ਇੱਕ ਸ਼ਾਨਦਾਰ ਸ਼ਾਮ।' ਪ੍ਰਿਯੰਕਾ ਨੇ ਇਸ ਨਾਲ ਸਬੰਧਤ ਇੱਕ ਸੈਲਫੀ ਪੋਸਟ ਕੀਤੀ ਅਤੇ ਲਿਖਿਆ, 'ਇਹ ਮਜ਼ੇਦਾਰ ਸੀ।' ਤੁਹਾਨੂੰ ਦੱਸ ਦੇਈਏ ਕਿ ਪ੍ਰਿਯੰਕਾ ਦੇ ਪਰਿਵਾਰ ਨੇ ਫਿਲਮ ਹੈੱਡ ਆਫ ਦ ਸਟੇਟ ਦੀ ਸਪੈਸ਼ਲ ਸਕ੍ਰੀਨਿੰਗ ਵਿੱਚ ਵੀ ਹਿੱਸਾ ਲਿਆ ਸੀ। ਤਸਵੀਰਾਂ ਵਿੱਚ ਪ੍ਰਿਯੰਕਾ ਦੀ ਭਾਬੀ ਨੀਲਮ, ਭਰਾ ਸਿਧਾਰਥ ਚੋਪੜਾ ਤੇ ਮਾਂ ਮਧੂ ਚੋਪੜਾ ਦਿਖਾਈ ਦੇ ਰਹੇ ਹਨ। ਦੋਸਤਾਂ ਨੂੰ ਮਿਲਣ ਤੋਂ ਬਾਅਦ, ਪ੍ਰਿਯੰਕਾ ਘਰ ਪਹੁੰਚੀ ਅਤੇ ਧੀ ਮਾਲਤੀ ਮੈਰੀ ਨਾਲ ਵਧੀਆ ਸਮਾਂ ਬਿਤਾਇਆ। ਇਸ ਦੌਰਾਨ, ਆਪਣੀ ਧੀ ਨਾਲ ਤਸਵੀਰਾਂ ਸਾਂਝੀਆਂ ਕਰਦੇ ਹੋਏ, ਪ੍ਰਿਯੰਕਾ ਨੇ ਲਿਖਿਆ...'ਸੁਪਨਾ'। ਇਸ ਤਸਵੀਰ ਵਿੱਚ, ਪ੍ਰਿਯੰਕਾ ਆਪਣੀ ਛੋਟੀ ਧੀ ਨੂੰ ਪਿਆਰ ਕਰਦੀ ਦਿਖਾਈ ਦੇ ਰਹੀ ਹੈ। ਪ੍ਰਿਯੰਕਾ ਚੋਪੜਾ ਦੀ ਅਗਲੀ ਫਿਲਮ 'ਹੈੱਡ ਆਫ ਦ ਸਟੇਟ' 2 ਜੁਲਾਈ ਨੂੰ ਪ੍ਰਾਈਮ ਵੀਡੀਓ 'ਤੇ ਰਿਲੀਜ਼ ਹੋਵੇਗੀ।

## ਮਾਨ ਸਰਕਾਰ ਖ਼ਿਲਾਫ਼ ਬੋਲਣ ਦੀ ਮਿਲੀ ਸਜ਼ਾ ! ਆਪ ਨੇ ਕੁੰਵਰ ਵਿਜੇ ਪ੍ਰਤਾਪ ਨੂੰ ਦਿਖਾਇਆ ਬਾਹਰ ਦਾ ਰਾਹ, ਮਜੀਠੀਆ 'ਤੇ ਕਾਰਵਾਈ ਦਾ ਕੀਤਾ ਸੀ ਵਿਰੋਧ

**ਚੰਡੀਗੜ੍ਹ, 29 ਜੂਨ (ਆਵਾਜ਼ਿ ਕੌਮ ਬਿਊਰੋ)**-ਆਮ ਆਦਮੀ ਪਾਰਟੀ (ਆਪ) ਨੇ ਅੰਮ੍ਰਿਤਸਰ ਉੱਤਰੀ ਦੇ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ 5 ਸਾਲਾਂ ਲਈ ਪਾਰਟੀ ਤੋਂ ਮੁਅੱਤਲ ਕਰ ਦਿੱਤਾ ਹੈ। ਉਨ੍ਹਾਂ 'ਤੇ ਅਨੁਸ਼ਾਸਨਹੀਣਤਾ ਅਤੇ ਪਾਰਟੀ ਦੇ ਵਿਰੁੱਧ ਜਾਣ ਦਾ ਦੋਸ਼ ਲਗਾਇਆ ਗਿਆ ਹੈ। ਪਾਰਟੀ ਦੀ ਰਾਜਨੀਤਿਕ ਮਾਮਲਿਆਂ ਦੀ ਕਮੇਟੀ ਨੇ ਇਹ ਫੈਸਲਾ ਲਿਆ ਹੈ। ਇਸ ਤੋਂ ਬਾਅਦ ਰਾਜਨੀਤਿਕ ਹਲਕਿਆਂ ਵਿੱਚ ਚਰਚਾ ਹੈ ਕਿ ਵਿਜੇ ਪ੍ਰਤਾਪ ਸਿੰਘ ਵਿਰੁੱਧ ਇਹ ਕਾਰਵਾਈ ਇਸ ਲਈ ਕੀਤੀ ਗਈ ਹੈ ਕਿਉਂਕਿ ਉਨ੍ਹਾਂ ਨੇ ਕੁਝ ਦਿਨ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਨੇਤਾ ਬਿਕਰਮ ਸਿੰਘ ਮਜੀਠੀਆ ਦੇ ਹੱਕ ਵਿੱਚ ਬਿਆਨ ਦਿੱਤਾ ਸੀ। ਸਾਲ 2022 ਵਿੱਚ 'ਆਪ' ਦੀ ਟਿਕਟ 'ਤੇ ਜਿੱਤਣ ਵਾਲੇ ਕੁੰਵਰ ਵਿਜੇ ਪ੍ਰਤਾਪ ਸਿੰਘ ਦੇ ਵਿਚਾਰ ਪਾਰਟੀ ਨਾਲ ਮੇਲ ਨਹੀਂ ਖਾਂਦੇ ਸਨ। ਭਾਵੇਂ ਉਹ ਬਰਗਾੜੀ ਗੋਲੀਬਾਰੀ ਘਟਨਾ ਹੋਵੇ ਜਾਂ 'ਆਪ' ਦੇ ਹੋਰ ਫੈਸਲੇ। ਇੰਨਾ ਹੀ ਨਹੀਂ, ਉਹ ਅੰਮ੍ਰਿਤਸਰ ਵਿੱਚ 'ਆਪ' ਦੇ ਪ੍ਰੋਗਰਾਮਾਂ ਵਿੱਚ ਵੀ ਨਹੀਂ ਦੇਖੇ ਗਏ। ਉਨ੍ਹਾਂ ਨੇ ਆਈਜੀ ਦੇ ਅਹੁਦੇ ਤੋਂ ਅਸਤੀਫਾ ਦੇ ਕੇ ਚੋਣ ਲੜੀ। ਕੁੰਵਰ ਵਿਜੇ ਪ੍ਰਤਾਪ ਸਿੰਘ ਦੀ ਨਾਰਾਜ਼ਗੀ ਅਤੇ ਪਾਰਟੀ ਤੋਂ ਦੂਰੀ 2022 ਦੀਆਂ ਵਿਧਾਨ ਸਭਾ ਚੋਣਾਂ ਤੋਂ ਤੁਰੰਤ ਬਾਅਦ ਦਿਖਾਈ ਦੇਣ ਲੱਗੀ। ਉਨ੍ਹਾਂ ਨੇ ਸੋਸ਼ਲ ਮੀਡੀਆ 'ਤੇ ਇੱਕ ਪੋਸਟ ਸਾਂਝੀ ਕੀਤੀ ਸੀ ਜਿਸ ਵਿੱਚ 2022 ਵਿੱਚ 2 ਅਧਿਕਾਰੀਆਂ ਦੇ ਤਬਾਦਲੇ ਅਤੇ ਤਾਇਨਾਤੀ 'ਤੇ ਸਵਾਲ ਉਠਾਏ ਗਏ ਸਨ। ਹਾਲਾਂਕਿ, ਉਨ੍ਹਾਂ ਨੇ ਥੋੜ੍ਹੀ ਦੇਰ ਬਾਅਦ ਉਸ ਪੋਸਟ ਨੂੰ ਵੀ ਐਡਿਟ ਕੀਤਾ। ਵਿਜੇ ਪ੍ਰਤਾਪ ਨੇ ਪ੍ਰਬੋਧ ਕੁਮਾਰ ਨੂੰ ਸਪੈਸ਼ਲ ਡੀਜੀਪੀ (ਇੰਟੈਲੀਜੈਂਸ) ਅਤੇ ਅਰੁਣ ਪਾਲ ਸਿੰਘ ਨੂੰ ਅੰਮ੍ਰਿਤਸਰ ਪੁਲਿਸ ਕਮਿਸ਼ਨਰ ਵਜੋਂ ਤਾਇਨਾਤ ਕਰਨ 'ਤੇ ਸਵਾਲ ਉਠਾਏ ਸਨ। ਉਨ੍ਹਾਂ ਦੋਸ਼ ਲਗਾਇਆ ਕਿ ਇਹ ਦੋਵੇਂ ਵੱਡੇ ਰਾਜਨੀਤਿਕ ਪਰਿਵਾਰਾਂ ਦੇ ਹੱਕ ਵਿੱਚ ਸਨ। ਇਹ ਦੋਵੇਂ ਅਧਿਕਾਰੀ ਬਰਗਾੜੀ-ਬਹਿਬਲ-ਕੋਟ ਕਪੂਰਾ ਮਾਮਲੇ ਵਿੱਚ ਇਨਸਾਫ਼ ਨਾ ਮਿਲਣ ਲਈ ਜ਼ਿੰਮੇਵਾਰ ਸਨ। ਕੁੰਵਰ ਵਿਜੇ ਪ੍ਰਤਾਪ ਨੇ ਬਰਗਾੜੀ ਗੋਲੀਬਾਰੀ ਘਟਨਾ ਦੀ ਜਾਂਚ ਕੀਤੀ ਹੈ। ਉਹ ਆਈਜੀ ਰਹਿੰਦੇ ਹੋਏ ਮਾਮਲੇ ਦੀ ਵਿਸ਼ੇਸ਼ ਜਾਂਚ ਟੀਮ (ਐਸਆਈਟੀ) ਦੇ ਮੁਖੀ ਸਨ। ਉਨ੍ਹਾਂ ਨੇ ਮਾਨ ਸਰਕਾਰ 'ਤੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਵਿੱਚ ਇੱਛਾ ਸ਼ਕਤੀ ਨਾ ਦਿਖਾਉਣ ਦਾ ਦੋਸ਼ ਲਗਾਇਆ ਸੀ।






# Pakistan Gurdwara Yatra

**28th October to 7th November 2025**

**Yatra Includes 25+ Gurudwara Sahib Darshan.**

**Accommodation in hotels and travel within Pakistan and Yatra Start to Finish Point in AC Coaches**

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1050**

Important Note: The Jatha will depart from Jalandhar Punjab from 28th October to 7th November 2025 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1050 pounds including visa, transport, hotel stay and break fast and Dinner.

**Note: It does not include flight ticket and insurance, it has to be done by the passenger himself.**

**ਜਰੂਰੀ ਨੋਟ :** ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 28 ਅਕਤੂਬਰ ਜਲੰਧਰ ਤੋਂ 7 ਨਵੰਬਰ 2025 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ । ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਅਤੇ ਰਾਤ ਦੇ ਖਾਣੇ ਸਮੇਤ 1050 ਪੌਂਡ ਹੋਵੇਗਾ।

**ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।**


★-- ਗੁਰੂ ਪੰਥ ਦੇ ਸੇਵਾਦਾਰ --★

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

- ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
  +447976210161
- ਭਾਈ ਬਲਜੀਤ ਸਿਘ ਕੰਗ/Bhai Baljit Singh Kang
  +44 7780 605230
- ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
  +44 7568 517223

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net

ਧੁਰਕੀ ਸ਼ਬਦ ਸ਼ਹੀ ਟਕਸਾਲ ॥ ਦਮਦਮੀ ਟਕਸਾਲ

ਨਾਮ ਜਪੋ
ਕਿਰਤ ਕਰੋ
ਵੰਡ ਛੱਕੋ

Naam Japo
Kirat Karo
Vand Shako

ਜਥਾ ਭਿੰਡਰਾਂ (ਮਹਿਤਾ)
www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH

**ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ**
Khande Bate di Pahul Shak Ke Guru Wale Bano

**ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ**
Join Gurbani Santhia and Gurmat Sikhia

**ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ**
Learn Kirtan Katha Kavishri and Dhadi Waran

**ਗੁਰਮੁਖੀ ਪੰਜਾਬੀ ਸਿੱਖੋ**
Learn Gurmukhi Punjabi

**ਗਤਕਾ ਸਿੱਖੋ** Learn Gatka
www.damdamitaksal.net


# ਆਵਾਜ਼ਿ ਕੌਮ
Daily Newspaper from U.K.

Publisher/Chief Editor
**Raghbir Singh Walsal**
E-mail : awazeqaumtv@gmail.com

www.awazeqaumtv.com

for **AWAZE QAUM** Channel

https://youtu.be/LQwolgxDu7I
Contact :
+447458381111
+447976210161
+919729091243


ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

ਦੇਗ ਤੇਗ ਫ਼ਤਿਹ - ਪੰਥ ਕੀ ਜੀਤ

ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਅਤੇ ਮਾਤਾ ਸਾਹਿਬ ਕੌਰ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ



ਧੰਨ-ਧੰਨ
ਮਾਤਾ ਸਾਹਿਬ ਕੌਰ ਜੀ

# 29ਵਾਂ ਸਲਾਨਾ ਜੋੜ ਮੇਲਾ

# ਗੁਰਮਤਿ ਸਮਾਗਮ

**1 ਨਵੰਬਰ 2025, ਦਿਨ ਸ਼ਨੀਵਾਰ ਨੂੰ**
**ਬੱਬਰਾਂ ਦੇ ਹਾਈ ਕੋਰਟ ਗੁਰਦੁਆਰਾ ਸ਼ਹੀਦਾਂ, ਜੱਸੋਵਾਲ ਵਿਖੇ**
ਬੜੀ ਸ਼ਰਧਾ ਨਾਲ ਕਰਵਾਇਆ ਜਾ ਰਿਹਾ ਹੈ।



ਸੰਤ ਜਰਨੈਲ ਸਿੰਘ ਜੀ ਖਾਲਸਾ
ਭਿੰਡਰਾਂ ਵਾਲੇ

ਲੜੀ ਅਰੰਭ ਸ੍ਰੀ ਅਖੰਡ ਪਾਠ ਸਾਹਿਬ -20 ਅਕਤੂਬਰ, ਸੋਮਵਾਰ, ਸਵੇਰੇ 10 ਵਜੇ

ਲੜੀ ਭੋਗ ਸ੍ਰੀ ਅਖੰਡ ਪਾਠ ਸਾਹਿਬ -1 ਨਵੰਬਰ, ਸ਼ਨੀਵਾਰ, ਸਵੇਰੇ 9 ਵਜੇ

ਜੋੜ ਮੇਲੇ ਵਿੱਚ ਸਿੰਘ ਸਾਹਿਬਾਨ, ਦਮਦਮੀ ਟਕਸਾਲ, ਸੰਤ ਮਹਾਂਪੁਰਸ਼, ਸੰਪਰਦਾਵਾਂ ਦੇ ਮੁਖੀ, ਨਿਹੰਗ ਸਿੰਘ ਜਥੇਬੰਦੀਆਂ, ਸ਼੍ਰੋਮਣੀ ਕਮੇਟੀ ਮੈਂਬਰ, ਨਿਰਮਲੇ, ਉਦਾਸੀ, ਧਾਰਮਿਕ, ਕਿਸਾਨ ਆਗੂ, ਹਰ ਪਾਰਟੀ ਦੇ ਸਿਆਸੀ ਲੀਡਰ, ਇੰਟਰਨੈਸ਼ਨਲ ਪੰਥਕ ਦਲ ਯੂ.ਕੇ. ਅਤੇ ਭਾਰਤ ਦੇ ਸਮੂਹ ਅਹੁਦੇਦਾਰ ਅਤੇ ਨਾਮਵਰ ਰਾਗੀ-ਢਾਡੀ-ਕਵੀਸ਼ਰ ਜਥੇ ਪਹੁੰਚ ਰਹੇ ਹਨ।

**ਨੋਟ : ਇਹ ਸਮਾਗਮ 13 ਦਿਨ ਚੱਲੇਗਾ**

ਸਮੂਹ ਸੰਗਤ ਨੂੰ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ। ਗੁਰੂ ਦੇ ਲੰਗਰ ਅਤੇ ਚਾਹ ਪਕੌੜਿਆਂ ਦੇ ਲੰਗਰ ਅਤੁੱਟ ਵਰਤਣਗੇ।



ਬੇਨਤੀ ਕਰਤਾ
**ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ**
ਦਮਦਮੀ ਟਕਸਾਲ ਭਿੰਡਰਾਂ ਵਾਲੇ
ਜਾਰੀ ਕਰਤਾ : ਭਾਈ ਜਰਨੈਲ ਸਿੰਘ ਢਿੱਲੋਂ, ਬੀਬੀ ਅਰਸ਼ਪ੍ਰੀਤ ਕੌਰ 84278-66404

ਸੰਪਰਕ ਨੰਬਰ
98141-27470
84278-66404
73408-35137

ਸ੍ਰੀ ਵਾਹਿਗੁਰੂ ਜੀ ਕੀ ਫਤਿਹ

ਚਰਨ ਸ਼ਰਨ ਗੁਰ ਏਕ ਪੈਂਡਾ ਜਾਇ ਚਲ ਸਤਿਗੁਰੁ ਕੋਟਿ ਪੈਂਡਾ ਆਗੇ ਹੋਇ ਲੇਤ ਹੈ ॥

ਮਨੁੱਖਤਾ ਦੇ ਰਹਿਬਰ ਤਾਰਨਹਾਰ ਜਗਤ ਗੁਰੂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ

# ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ. ਕੇ.

## ਵੱਲੋਂ ਪਾਕਿਸਤਾਨ ਦੇ ਇਤਿਹਾਸਕ ਸਿੱਖ ਗੁਰਦੁਆਰਾ ਸਾਹਿਬਾਨ ਦੀ ਯਾਤਰਾ

## 28 ਅਕਤੂਬਰ 2025 ਤੋਂ 7 ਨਵੰਬਰ 2025 ਤੱਕ ਹੋਵੇਗੀ



### ਗੁਰੂ ਪਿਆਰੀ ਸਾਧ ਸੰਗਤ ਜੀਓ, ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ

ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਵੇਗੀ ਕਿ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਵੱਲੋਂ ਇੱਕ ਵਿਸ਼ਾਲ ਜਥੇ ਸਮੇਤ ਪਾਕਿਸਤਾਨ ਵਿਖੇ ਸਿੱਖ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕੀਤੀ ਜਾ ਰਹੀ ਹੈ। ਹਰ ਸਿੱਖ ਆਪਣੀ ਅਰਦਾਸ ਵਿੱਚ ਪੰਥ ਤੋਂ ਵਿਛੜੇ ਹੋਏ ਜਿਨ੍ਹਾਂ ਗੁਰਦੁਆਰਾ ਸਾਹਿਬਾਨ ਦਾ ਜ਼ਿਕਰ ਕਰਦਾ ਹੈ ਉਹਨਾਂ ਦੇ ਦਰਸ਼ਨ ਦੀਦਾਰੇ ਕਰਕੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਸੁਨਹਿਰੀ ਮੌਕਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਨਨਕਾਣਾ ਸਾਹਿਬ ਦੀ ਧਰਤੀ ਤੇ ਮਨਾਉਣ ਦੀਆਂ ਤਿਆਰੀਆਂ ਹੁਣ ਤੋਂ ਹੀ ਆਰੰਭ ਕਰਕੇ ਪਰਿਵਾਰਾਂ ਸਮੇਤ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਾਉਣ ਲਈ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਨਾਲ ਸੰਪਰਕ ਕਰੋ ਜੀ।

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1050**

Important Note: The Jatha will depart from Jalandhar Punjab from 28th October to 7th November 2025 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1050 pounds including visa, transport, hotel stay and break fast and Dinner.

**Note: It does not include flight ticket and insurance, it has to be done by the passenger himself.**

ਜ਼ਰੂਰੀ ਨੋਟ : ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 28 ਅਕਤੂਬਰ ਜਲੰਧਰ ਤੋਂ 7 ਨਵੰਬਰ 2025 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ । ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਅਤੇ ਰਾਤ ਦੇ ਖਾਣੇ ਸਮੇਤ 1050 ਪੌਂਡ ਹੋਵੇਗਾ।

ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।

## ਯਾਤਰਾ ਦੌਰਾਨ ਰਿਹਾਇਸ਼ ਦਾ ਪ੍ਰਬੰਧ ਲਗਜ਼ਰੀ ਹੋਟਲ ਵਿੱਚ ਹੋਵੇਗਾ।

ਬ੍ਰਿਟਿਸ਼ ਪਾਸਪੋਰਟ ਲਈ 2 ਫੋਟੋ ਅਤੇ ਇੰਡੀਅਨ ਪਾਸਪੋਰਟ ਵਾਲੇ 2 ਫੋਟੋ, ਐਪਲੀਕੇਸ਼ਨ ਫਾਰਮ ਨਾਲ ਭੇਜੀਆਂ ਜਾਣ।

- ☛ ਯਾਤਰੀ ਆਪਣੇ ਨਾਮ ਛੇਤੀ ਤੋਂ ਛੇਤੀ ਦਿੱਤੇ ਗਏ ਨੰਬਰਾਂ 'ਤੇ ਨਾਮ ਲਿਖਵਾਉਣ ਦੀ ਕ੍ਰਿਪਾਲਤਾ ਕਰਨ।
- ☛ ਯਾਤਰੀਆਂ ਦੇ ਪਾਸਪੋਰਟ ਦੀ ਮਿਆਦ ਅਗਲੇ ਸਾਲ ਜੂਨ ਮਹੀਨੇ ਤੱਕ ਜ਼ਰੂਰੀ ਹੈ।

ਪ੍ਰੋਗਰਾਮ ਵਿੱਚ ਅਦਲਾ-ਬਦਲੀ ਕਰਨ ਦੇ ਪ੍ਰਬੰਧਕਾਂ ਦੇ ਹੱਕ ਰਾਖਵੇਂ ਹਨ।

**BOOK YOUR SEATS NOW**

✶-- ਗੁਰੂ ਪੰਥ ਦੇ ਸੇਵਾਦਾਰ --✶

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

- ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
+447976210161
- ਭਾਈ ਬਲਜੀਤ ਸਿੰਘ ਕੰਗ/Bhai Baljit Singh Kang
+44 7780 605230
- ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
+44 7568 517223

Website : www.nsycuk.com

E-mail : gnstuk@hotmail.com

ਆਵਾਜ਼ਿ ਕੌਮ AWAZE QAUM International Newspaper & WEB TV


DAMDAMI TAKSAL
AMRIT
SANCHAARS
JUNE/JULY 2025
ਆਵਾਜ਼ਿ ਕੌਮ
AWAZE QAUM
International Newspaper & WEB TV
EAST LONDON
SATURDAY 5TH JULY | 1PM
SRI GURU SINGH SABHA, 2-8 PARK AVE, SOUTHALL, UB1 3AG
SOUTHALL
SUNDAY 20TH JULY | 1PM
SRI GURU SINGH SABHA, 2-8 PARK AVE, SOUTHALL, UB1 3AG
CONTACT 07940 270 120 FOR MORE DETAILS


DAMDAMI TAKSAL
JATHA (UK & EUROPE)
ਅੰਮ੍ਰਿਤ ਸੰਚਾਰ
AMRIT SANCHAR
SOUTHALL
ਆਵਾਜ਼ਿ ਕੌਮ
AWAZE QAUM
International Newspaper & WEB TV
SUNDAY 20TH JULY | 1PM
SRI GURU SINGH SABHA SOUTHALL
2-8 PARK AVE | SOUTHALL | UB1 3AG
ਕੇਸੀ ਇਸ਼ਨਾਨ ਕਰਕੇ ਪਹੁੰਚੋ । ਕੱਕਾਰ ਉਪਲਬਧ ਹੋਣਗੇ
ARRIVE AFTER DOING FULL KESI ISHNAAN (BODY & HAIR WASH)
KAKKARS WILL BE AVAILABLE
CONTACT 07940 270 120 FOR MORE DETAILS


DAMDAMI TAKSAL
JATHA (UK & EUROPE)
ਅੰਮ੍ਰਿਤ ਸੰਚਾਰ
AMRIT SANCHAR
EAST LONDON
ਆਵਾਜ਼ਿ ਕੌਮ
AWAZE QAUM
International Newspaper & WEB TV
SATURDAY 5TH JULY | 1PM
ATAM ACADEMY
LITTLE HEATH | BARLEY LN | ROMFORD | RM6 4XX
ਕੇਸੀ ਇਸ਼ਨਾਨ ਕਰਕੇ ਪਹੁੰਚੋ । ਕੱਕਾਰ ਉਪਲਬਧ ਹੋਣਗੇ
ARRIVE AFTER DOING FULL KESI ISHNAAN (BODY & HAIR WASH)
KAKKARS WILL BE AVAILABLE
CONTACT 07940 270 120 FOR MORE DETAILS

ਯਾਦਗਾਰੀ ਹੋ ਨਿੱਬੜਿਆ ਹਰਿਆਣਾ ਕਮੇਟੀ ਧਰਮ ਪ੍ਰਚਾਰ ਵਲੋਂ

# ਪੰਜੋਖਰਾ ਸਾਹਿਬ ਦਾ ਗੁਰਮਤਿ ਟਰੇਨਿੰਗ ਕੈਂਪ-ਜਥੇਦਾਰ ਦਾਦੂਵਾਲ





**ਅੰਬਾਲਾ, 29 ਜੂਨ (ਆਵਾਜ਼ਿ ਕੌਮ ਬਿਊਰੋ)**-ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਧਰਮ ਪ੍ਰਚਾਰ ਵੱਲੋਂ ਬੱਚਿਆਂ ਦਾ "ਗੁਰਮਤਿ ਟ੍ਰੇਨਿੰਗ ਕੈਂਪ" ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਖਾਲਸਾ ਕਾਲਜ ਪੰਜ਼ੋਖਰਾ ਸਾਹਿਬ ਅੰਬਾਲਾ ਵਿਖੇ 27 -28 ਜੂਨ ਨੂੰ ਲਗਾਇਆ ਗਿਆ ਕੈਂਪ ਦਾ ਸਮਾਪਤੀ ਪ੍ਰੋਗਰਾਮ ਗੁਰਦੁਆਰਾ ਪੰਜ਼ੋਖਰਾ ਸਾਹਿਬ ਵਿਖੇ ਕੀਤਾ ਗਿਆ 500 ਤੋਂ ਵੱਧ ਬੱਚਿਆਂ ਨੇ ਭਾਗ ਲਿਆ ਬੱਚਿਆਂ ਨੂੰ ਸਨਮਾਨ ਚਿੰਨ,ਸਰਟੀਫਿਕੇਟ,ਮੈਡਲ ਦਿੱਤੇ ਗਏ ਇਸ ਸਮੇਂ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ,ਗੁਰਮੀਤ ਸਿੰਘ ਰਾਮਸਰ ਸੀਨੀਅਰ ਮੀਤ ਪ੍ਰਧਾਨ,ਰੁਪਿੰਦਰ ਸਿੰਘ ਅੰਤ੍ਰਿੰਗ ਮੈਂਬਰ,ਗੁਰਤੇਜ ਸਿੰਘ ਅੰਬਾਲਾ ਮੈਂਬਰ ਅਤੇ ਚੇਅਰਮੈਨ ਟਰਾਂਸਪੋਰਟ ਵਿੰਗ,ਸਵਰਨ ਸਿੰਘ ਬੁੰਗਾ ਟਿੱਬੀ ਮੈਂਬਰ ਅਤੇ ਚੇਅਰਮੈਨ ਲੰਗਰ ਖਰੀਦ ਵਿੰਗ,ਰਜਿੰਦਰ ਸਿੰਘ ਬਰਾੜਾ ਮੈਂਬਰ ਅਤੇ ਚੇਅਰਮੈਨ ਐਨਆਰਆਈ ਵਿੰਗ,ਟੀਪੀ ਸਿੰਘ ਅੰਬਾਲਾ ਸਾਬਕਾ ਅੰਤ੍ਰਿੰਗ ਮੈਂਬਰ ਨੇ ਬੱਚਿਆਂ ਨਾਲ ਗੁਰਮਤਿ ਵਿਚਾਰ ਸਾਂਝੇ ਕੀਤੇ,ਜਥੇਦਾਰ ਦਾਦੂਵਾਲ ਜੀ ਨੇ ਕੈਂਪ ਦੌਰਾਨ ਤਨ ਮਨ ਧਨ ਸੇਵਾ ਕਰਨ ਵਾਲਿਆਂ ਬੱਚਿਆਂ ਤੇ ਉਨਾਂ ਦੇ ਮਾਪਿਆਂ ਦਾ ਵਿਸ਼ੇਸ਼ ਧੰਨਵਾਦ ਕੀਤਾ ਕੈਂਪ ਵਿੱਚ ਸਰਬਜੀਤ ਸਿੰਘ ਜੰਮੂ ਸਕੱਤਰ ਧਰਮ ਪ੍ਰਚਾਰ,ਸਿਕੰਦਰ ਸਿੰਘ ਵਰਾਣਾ ਇੰਚਾਰਜ ਧਰਮ ਪ੍ਰਚਾਰ ਸਬ ਦਫ਼ਤਰ ਨਾਢਾ ਸਾਹਿਬ,ਗਿਆਨੀ ਬੂਟਾ ਸਿੰਘ ਮੁੱਖ ਗ੍ਰੰਥੀ ਪੰਜ਼ੋਖਰਾ ਸਾਹਿਬ,ਮੈਨੇਜ਼ਰ ਕੁਲਦੀਪ ਸਿੰਘ ਭਾਣੋਖੇੜੀ,ਪ੍ਰਚਾਰਕ ਗੁਰਜੋਤ ਸਿੰਘ ਨਲਵੀ,ਪ੍ਰਚਾਰਕ ਸੁਭਦੀਪ ਸਿੰਘ,ਪ੍ਰਚਾਰਕ ਕੁਲਦੀਪ ਸਿੰਘ,ਪ੍ਰਚਾਰਕ ਕੋਮਲ ਸਿੰਘ,ਪ੍ਰਚਾਰਕ ਮਨਪ੍ਰੀਤ ਸਿੰਘ ਜਨਸੂਆ,ਪ੍ਰਚਾਰਕ ਬਲਜਿੰਦਰ ਸਿੰਘ ਪਿੱਥੋ,ਪ੍ਰਚਾਰਕ ਮਨਪ੍ਰੀਤ ਸਿੰਘ ਟੋਹਾਣਾ,ਅਧਿਆਪਕ ਗੋਬਿੰਦ ਸਿੰਘ ਯਮੁਨਾਨਗਰ,ਅਧਿਆਪਕ ਰਮਨਦੀਪ ਕੌਰ,ਪ੍ਰਿੰਸੀਪਲ ਸੁਖਦੇਵ ਸਿੰਘ ਪੰਜ਼ੋਖਰਾ ਸਾਹਿਬ,ਢਾਡੀ ਜੱਥਾ ਜਸਵੰਤ ਸਿੰਘ ਬਢਾਣਾ,ਢਾਡੀ ਜੱਥਾ ਕੇਵਲ ਸਿੰਘ ਮੱਲੀ ਦਾ ਕੈਂਪ ਵਿੱਚ ਵਿਸ਼ੇਸ਼ ਯੋਗਦਾਨ ਰਿਹਾ ਧਰਮੀ ਫ਼ੌਜੀ ਹਰਪਾਲ ਸਿੰਘ,ਹਨੀ ਸਿੰਘ ਸਹਿਗਲ,ਕਥਾਵਾਚਕ ਅਮਰੀਕ ਸਿੰਘ ਮਰਿਯਾਦਾ ਵੀ ਹਾਜ਼ਰ ਸਨ ਜਥੇਦਾਰ ਦਾਦੂਵਾਲ ਜੀ ਸਮੇਤ ਸਭ ਨੂੰ ਸਿਰਪਾਓ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ ਗੁਰੂ ਕਾ ਲੰਗਰ ਅਤੁੱਟ ਵਰਤਿਆ।

### ਪ੍ਰਸ਼ਾਸਨਿਕ ਪੱਧਰ 'ਤੇ ਕੇਸਾਂ ਦੇ ਨਿਪਟਾਰੇ ਯਕੀਨੀ ਹੋਣ ਦੀ ਕੀਤੀ ਮੰਗ

ਐਸਸੀ ਕਮਿਸ਼ਨ ਦੇ ਮੈਂਬਰ ਸ੍ਰ ਇੱਟਾਂਵਾਲੀ ਨੇ ਡਾ.ਬਲਜੀਤ ਕੌਰ ਮੰਤਰੀ ਨਾਲ ਕੀਤੀ ਮੁਲਾਕਾਤ

# ਕਮਿਸ਼ਨ ਨੂੰ ਸਮਰੱਥਾਵਾਨ ਬਣਾਉਣ ਦੀ ਕੀਤੀ ਵਕਾਲਤ

ਚੌਂਕ ਮਹਿਤਾ, 29,ਜੂਨ (ਬਾਬਾ ਸੁਖਵੰਤ ਸਿੰਘ) ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਮੈਂਬਰ ਸ੍ਰ ਗੁਰਪ੍ਰੀਤ ਸਿੰਘ ਇੱਟਾਂਵਾਲੀ ਨੇ ਰਸਮੀਂ ਤੌਰ 'ਤੇ ਡਾ.ਬਲਜੀਤ ਕੌਰ ਮੰਤਰੀ ਸਮਾਜਿਕ ਸੁਰੱਖਿਆ ਬਾਲ ਵਿਕਾਸ ਅਤੇ ਘੱਟ ਗਿਣਤੀ ਵਿਭਾਗ ਪੰਜਾਬ ਸਰਕਾਰ ਨਾਲ ਮੁਲਾਕਾਤ ਕੀਤੀ। ਚੇਤੇ ਰਹੇ ਕਿ ਕੈਬਨਿਟ ਮੰਤਰੀ ਪੰਜਾਬ ਡਾ.ਬਲਜੀਤ ਕੌਰ ਨਾਲ ਮਿਲਣੀ ਮੌਕੇ ਸ੍ਰ.ਗੁਰਪ੍ਰੀਤ ਸਿੰਘ ਇੱਟਾਂਵਾਲੀ ਨੇ ਪੰਜਾਬ ਸਰਕਾਰ ਦੇ ਟੀਚੇ ਨੂੰ ਕਮਿਸ਼ਨ ਰਾਹੀਂ ਪੂਰਿਆਂ ਕਰਨ ਲਈ ਉਲੀਕੇ ਏਜੰਡੇਂ ਤੇ ਚਰਚਾ ਕੀਤੀ।ਸ੍ਰ: ਗੁਰਪ੍ਰੀਤ ਸਿੰਘ ਨੇ ਕਮਿਸ਼ਨ ਨੂੰ ਹੋਰ ਸ਼ਕਤੀਆਂ ਨਾਲ ਸਮਰੱਥਾਵਾਨ ਬਣਾਉਂਣ ਦਾ ਜ਼ਿਕਰ ਕਰਦਿਆਂ ਦਲਿਤ ਅੱਤਿਆਚਾਰ ਕਨੂੰਨ ਅਤੇ ਐਟਰੋਸਿਟੀ ਐਕਟ ਦੀ ਵਰਤੋਂ ਨੂੰ ਯਕੀਨੀ ਬਣਾਉਂਣ ਲਈ ਪ੍ਰਸ਼ਾਸਨਿਕ ਪੱਧਰ ਤੇ ਆ ਰਹੇ ਅੜਿੱਕੇ ਨੂੰ ਠੱਲ੍ਹਣ ਲਈ ਲੋੜੀਂਦੇ ਵਸੀਲੇ ਕਰਨ ਦੀ ਬੇਨਤੀ ਕੀਤੀ। ਸ੍ਰ ਇੱਟਾਂਵਾਲੀ ਨੇ ਘੱਟ ਗਿਣਤੀ ਲੋਕ ਭਲਾਈ ਸੰਸਥਾ ਦੇ ਪ੍ਰਧਾਨ ਸ੍ਰ ਸਤਨਾਮ ਸਿੰਘ ਗਿੱਲ ਵੱਲੋਂ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਨੂੰ ਸਮੇਂ ਦਾ ਹਾਣੀ ਬਣਾਉਂਣ ਲਈ ਪਰਸਤਾਵਿਤ ਤੌਰ ਤੇ ਵਿਚਾਰ ਅਧੀਨ ਭੇਜੀ ਤਜ਼ਵੀਜ ਨੂੰ ਕੈਬਨਿਟ ਪਾਸੋਂ ਮਨਜੂਰ ਕਰਵਾਉਂਣ ਲਈ ਅਪੀਲ ਕੀਤੀ। ਇਸ ਮੌਕੇ ਉਨਾ ਨੇ ਤਜ਼ਵੀਜ਼ ਤਿਆਰ ਕਰਨ ਵਾਲੇ ਵਫਦ ਨੂੰ ਸਮਾਂ ਦੇਣ ਬਾਰੇ ਤਾਕੀਦ ਕਰਦਿਆਂ ਸਮਾਂ ਦਿੱਤੇ ਜਾਣ ਦੀ ਮੰਗ ਕੀਤੀ। ਉਨਾ ਨੇ ਕਿਹਾ ਕਿ ਗਰੀਬ ਵਰਗ ਲਈ ਰਾਜ ਸਰਕਾਰ ਵਲੋਂ ਜਨਤਾ ਨੂੰ ਉਤਸ਼ਾਹਿਤ ਕਰਨ ਲਈ ਬਲਾਕ ਪੱਧਰ ਤੇ ਜਾਗ੍ਰਿਤੀ ਕੈਂਪ ਆਯੋਜਿਤ ਕਰਨ ਲਈ ਭਲਾਈ ਵਿਭਾਗ ਨੂੰ ਦਿਸ਼ਾਂ ਨਿਰਦੇਸ ਜਾਰੀ ਕਰਨ ਲਈ ਵੀ ਕਿਹਾ। ਮੀਟਿੰਗ ਉਪਰੰਤ ਡਾ ਬਲਜੀਤ ਕੌਰ ਕੈਬਨਿਟ ਮੰਤਰੀ ਪੰਜਾਬ ਸਰਕਾਰ ਨੇ ਮੀਡੀਆ ਦੀ ਹਾਜਰੀ 'ਚ ਸ੍ਰ ਗੁਰਪ੍ਰੀਤ ਸਿੰਘ ਇੱਟਾਵਾਲੀ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਦੱਬਿਆ ਕੁਚਲਿਆਂ ਸਮਾਜ ਸਾਡੀ ਰੀੜ ਦੀ ਹੱਡੀ ਹੈ। ਇਸ ਨੂੰ ਮਜਬੂਤ ਆਧਾਰ ਪਰਦਾਨ ਕਰਨਾ ਸਾਡਾ ਮੁੱਖ ਮਕਸਦ ਹੈ। ਉਨਾ ਨੇ ਮੈਂਬਰ ਸ੍ਰ ਗੁਰਪ੍ਰੀਤ ਸਿੰਘ ਇੱਟਾਂਵਾਲੀ ਨੂੰ ਪਰੇਰਿਤ ਕਰਦਿਆਂ ਅਨੁਸੂਚਿਤ ਵਰਗ ਦਿਆਂ ਲੋਕਾਂ ਨੂੰ ਇਨਸਾਫ ਦੇਣ ਲਈ ਦ੍ਰਿੜ ਇਰਾਦੇ ਨਾਲ ਕੰਮ ਕਰਨ ਦਾ ਸੱਦਾ ਦਿੱਤਾ। ਇਸ ਮੌਕੇ ਬਾਬਾ ਹਰਜਿੰਦਰ ਸਿੰਘ ਫਿਰੋਜ਼ਸ਼ਾਹ ਵੀ ਹਾਜਰ ਸਨ।



# ਜੀ-7 ਦੇ ਸਾਇਆ ਹੇਠ ਵੈਨਕੂਵਰ 'ਚ ਮਿਲੇ ਖਾਲਿਸਤਾਨੀ ਆਗੂ ਪੰਨੂ ਤੇ ਭਾਈ ਪੰਮਾ, ਭਾਰਤ ਵਾਸਤੇ ਕੂਟਨੀਤਕ ਚੁਣੌਤੀ

## ਕੀ ਪੱਛਮੀ ਦੇਸ਼ਾਂ ਦੀ ਰਾਜਨੀਤਕ, ਭਾਰਤ ਨੂੰ ਪਿੱਛੇ ਧੱਕ ਖਾਲਿਸਤਾਨ ਨੂੰ ਵਿਸ਼ਵ ਪੱਧਰੀ ਮਾਨਤਾ ਦੇ ਰਹੇ ਹਨ ?







**ਵੈਨਕੂਵਰ/ਲੰਡਨ, 29 ਜੂਨ (ਸਰਬਜੀਤ ਸਿੰਘ ਬਨੂੜ)**-ਜਦੋਂ ਕਨੇਡਾ ਵਿੱਚ ਜੀ-7 ਦੇਸ਼ਾਂ ਦੀ ਉੱਚ ਪੱਧਰੀ ਮੀਟਿੰਗ ਚੱਲ ਰਹੀ ਸੀ, ਓਸੇ ਵੇਲੇ ਭਾਰਤ ਵੱਲੋਂ "ਪਾਬੰਦੀਸ਼ੁਦਾ" ਘੋਸ਼ਿਤ ਸੰਗਠਨ SFJ (ਸਿੱਖ ਫਾਰ ਜਸਟਿਸ) ਦੇ ਅਟਾਰਨੀ ਜਨਰਲ ਗੁਰਪਤਵੰਤ ਸਿੰਘ ਪੰਨੂ ਅਤੇ ਇੰਗਲੈਂਡ ਵਿੱਚ ਰਾਜਸੀ ਸ਼ਰਨਾਰਥੀ ਭਾਈ ਪਰਮਜੀਤ ਸਿੰਘ ਪੰਮਾ ਦੀ ਵੈਨਕੂਵਰ ਵਿੱਚ ਹੋਈ ਮੁਲਾਕਾਤ ਨੇ ਨਵੇਂ ਸਵਾਲ ਖੜੇ ਕਰ ਦਿੱਤੇ ਹਨ। ਇਹ ਮੁਲਾਕਾਤ ਕੋਈ ਆਮ ਵਿਅਕਤੀਗਤ ਮੁਲਾਕਾਤ ਨਹੀਂ ਸੀ। ਦੋਵੇ ਖਾਲਿਸਤਾਨੀ ਆਗੂ ਬੜੀ ਗਰਮਜੋਸੀ ਨਾਲ ਇੱਕ ਦੂਜੇ ਨੂੰ ਗਲੇ ਮਿਲੇ। ਦੋਹਾਂ ਨੇ ਅਜਿਹੇ ਸਮੇਂ 'ਚ ਸਾਂਝ ਪਾਈ ਜਦੋਂ ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਵੀ ਕਨੇਡਾ ਵੱਲੋਂ ਜੀ-7 ਲਈ ਸੱਦਾ ਦਿੱਤਾ ਗਿਆ। ਇੱਕ ਪਾਸੇ ਮੋਦੀ ਦੀ ਕਨੇਡਾ ਮੰਚ 'ਤੇ ਆਗਵਾਈ, ਦੂਜੇ ਪਾਸੇ ਭਾਰਤ ਵਾਸਤੇ ਲੋੜੀਂਦੇ ਵਿਅਕਤੀਆਂ ਦੀ ਜਨਤਕ ਹਾਜ਼ਰੀ ਨੇ ਭਾਰਤੀ ਰਾਜਨੀਤੀ 'ਚ ਭੁਚਾਲ ਲੈ ਆਉਂਦਾ। ਰਾਜਨੀਤਕ ਮਹਿਰਾ ਦਾ ਮੰਨਣਾ ਹੈ ਕਿ ਕਨੇਡਾ ਦੋਹਰੀ ਰਣਨੀਤੀ ਜਾਂ ਆਜ਼ਾਦੀ ਦੀ ਆੜ ਹੇਠ ਕੰਮ ਕਰ ਰਿਹਾ ਹੈ। ਸਿੱਖਸ਼ ਫਾਰ ਜਸਟਿਸ ਜਿਸਨੂੰ ਭਾਰਤ ਨੇ 2019 ਵਿੱਚ ਗੈਰਕਾਨੂੰਨੀ ਐਲਾਨ ਕਰ ਚੁੱਕਾ ਹੈ, ਤੇ ਇਹ ਸੰਗਠਨ ਕਨੇਡਾ, ਇੰਗਲੈਂਡ, ਅਮਰੀਕਾ ਅਤੇ ਹੋਰ ਪੱਛਮੀ ਦੇਸ਼ਾਂ ਵਿੱਚ ਖ਼ਾਲਿਸਤਾਨ ਸੰਬੰਧੀ ਰੈਫਰੈਂਡਮ ਮੁਹਿਮ ਚਲਾ ਰਹੀ ਹੈ। ਖਾਲਿਸਤਾਨੀ ਆਗੂ ਗੁਰਪਤਵੰਤ ਸਿੰਘ ਪੰਨੂ, ਇਸ ਸੰਗਠਨ ਦੀ ਅਗਵਾਈ ਕਰ ਰਿਹਾ ਹੈ ਜੋ ਭਾਰਤ ਵਿਰੋਧੀ ਬਿਆਨਾਂ, ਵੀਡੀਓਆਂ ਅਤੇ ਮੁਹਿੰਮਾਂ ਰਾਹੀਂ ਚਰਚਾ ਵਿੱਚ ਰਹਿੰਦਾ ਹੈ। ਦੂਜੇ ਪਾਸੇ, ਭਾਈ ਪਰਮਜੀਤ ਸਿੰਘ ਪੰਮਾ, ਜੋ ਕਿ ਬਰਤਾਨਵੀ ਨਾਗਰਿਕ ਨਹੀਂ, ਪਰ ਰਾਜਸੀ ਸ਼ਰਨ ਲੈ ਕੇ ਇੰਗਲੈਂਡ ਵਿੱਚ ਰਹਿ ਰਿਹਾ ਹੈ, ਉਨ੍ਹਾਂ ਨੂੰ ਵੀ ਕਨੇਡਾ ਵਿੱਚ ਉੱਚ ਪੱਧਰੀ ਸੁਰੱਖਿਆ ਦਿੰਦੀਆਂ ਏਜੰਸੀਆਂ ਨੇ ਕਵਰ ਕੀਤਾ। ਇਹੋ ਜਿਹਾ ਵਿਵਸਥਾ ਭਾਰਤ ਵਾਸਤੇ ਨਾ ਸਿਰਫ਼ ਕੂਟਨੀਤਕ ਵਿਘਨ ਹੈ, ਸਗੋਂ ਜੀ-7 ਵਰਗੇ ਅੰਤਰਰਾਸ਼ਟਰੀ ਫੋਰਮਾਂ 'ਤੇ ਭਾਰਤ ਦੀ ਪਸੰਦ-ਨਾਪਸੰਦ ਨੂੰ ਲੈ ਕੇ ਖਿਲਾਫੀ ਸੰਕੇਤ ਵੀ। ਪੁਰਤਗਾਲ ਵਿੱਚ ਭਾਈ ਪੰਮਾ ਦੀ ਗ੍ਰਿਫ਼ਤਾਰੀ ਅਤੇ ਰਿਹਾਈ ਭਾਰਤ ਦੀ ਨਿਜ਼ਾਮੀ ਅਦਾਲਤ ਦਾ ਆਲੋਚਨਾਤਮਕ ਚਿਹਰਾ ਸਾਹਮਣੇ ਆਇਆ ਹੈ। ਬਰਤਾਨੀਆ ਰਹਿੰਦੇ ਭਾਈ ਪਰਮਜੀਤ ਸਿੰਘ ਪੰਮਾ ਦੀ ਗੱਲ ਕਰੀਏ ਤਾਂ 2015 ਵਿੱਚ ਉਸ ਨੂੰ ਪੁਰਤਗਾਲ ਵਿੱਚ ਇੰਟਰਪੋਲ ਨੇ ਰੈੱਡ ਨੋਟਿਸ ਅਧੀਨ ਗ੍ਰਿਫ਼ਤਾਰ ਕੀਤਾ ਗਿਆ ਸੀ। ਭਾਰਤ ਵੱਲੋਂ ਉਨ੍ਹਾਂ ਦੀ ਹਵਾਲਗੀ ਦੀ ਮੰਗ ਕੀਤੀ ਗਈ ਸੀ ਪਰ ਸਿੱਖਸ਼ ਫਾਰ ਜਸਟਿਸ ਵੱਲੋਂ ਲੜੀ ਲੰਬੀ ਕਾਨੂੰਨੀ ਪ੍ਰਕਿਰਿਆ ਤੋਂ ਬਾਦ ਪੁਰਤਗਾਲੀ ਅਦਾਲਤ ਨੇ ਭਾਰਤ ਵੱਲੋਂ ਪੇਸ਼ ਸਬੂਤਾਂ ਨੂੰ ਅਣਮੁਨਾਸ਼ੀਕ ਤੇ ਸਿਆਸੀ ਪੱਖਪਾਤ ਭਰੇ ਦੱਸਦਿਆਂ, ਰਿਹਾਈ ਦੇ ਹੁਕਮ ਦਿੱਤੇ। ਇਸ ਤੋਂ ਵੀ ਵੱਧ ਮਿਆਰੀ ਗੱਲ ਇਹ ਸੀ ਕਿ ਬਰਤਾਨਵੀ ਸਰਕਾਰ ਨੇ ਵੀ ਰਾਜਨੀਤਿਕ ਤੌਰ 'ਤੇ ਪੰਮਾ ਦੀ ਹਵਾਲਗੀ ਦੇ ਵਿਰੋਧ ਵਿੱਚ ਦਬਾਅ ਬਣਾਇਆ, ਜਿਸ ਕਾਰਨ ਭਾਰਤ ਦੀ ਯੋਜਨਾ ਧੜਾਮ ਨਾਲ ਡਿੱਗ ਪਈ ਜਦ ਕਿ ਰਾਜਸੀ ਸ਼ਰਨ ਪ੍ਰਾਪਤ ਕਿਸੇ ਵਿਅਕਤੀ ਨੂੰ ਉਸ ਦੇਸ਼ ਵਾਪਸ ਭੇਜਿਆ ਨਹੀਂ ਜਾ ਸਕਦਾ ਜਿਸ ਦੇਸ਼ ਵਿੱਚ ਉਸ ਦੀ ਜਾਨ ਨੂੰ ਖ਼ਤਰਾ ਹੋਵੇ । ਇਹ ਮਾਮਲਾ ਸਾਫ਼ ਦੱਸਦਾ ਹੈ ਕਿ ਭਾਰਤੀ ਨਿਜ਼ਾਮ ਤੇ ਇਨਸਾਫ਼ ਪ੍ਰਣਾਲੀ ਉੱਤੇ ਵਿਦੇਸ਼ੀ ਅਦਾਲਤਾਂ ਨੂੰ ਭਰੋਸਾ ਨਹੀਂ। ਇੱਕ ਰਾਜਸੀ ਸ਼ਰਨਾਥੀ ਦੀ ਹਵਾਲਗੀ ਨਾ ਹੋਣ ਦੇ ਅੰਦਰ ਕੂਟਨੀਤਕ ਹਾਰ ਲੁਕ ਰਹੀ ਸੀ। ਕਨੇਡਾ ਵਿੱਚ ਸਿੱਖ ਨੌਜਵਾਨਾਂ ਤੇ ਡਾਇਸਪੋਰਾ ਵਿੱਚ ਭਾਈ ਪੰਮੇ ਦੀ ਮੌਜੂਦਗੀ ਨੇ ਨਵਾਂ ਜੌਸ ਭਰ ਦਿੱਤਾ। ਕਨੇਡਾ ਵਿੱਚ ਭਾਈ ਹਰਦੀਪ ਸਿੰਘ ਨਿੱਜਰ ਦੀ ਹੱਤਿਆ ਮਗਰੋਂ ਕਨੇਡਾ ਤੇ ਭਾਰਤ ਵਿਚਕਾਰ ਚੱਲ ਰਹੀ ਠੰਡੀ ਲੜਾਈ ਹਾਲੇ ਭੀ ਪੂਰੀ ਨਹੀਂ ਨਿਪਟੀ। ਜੀ-7 ਵਾਲੇ ਦਿਨ ਖਾਲਿਸਤਾਨੀ ਆਗੂਆਂ ਗੁਰਪਤਵੰਤ ਸਿੰਘ ਪੰਨੂ ਤੇ ਭਾਈ ਪਰਮਜੀਤ ਸਿੰਘ ਪੰਮਾ ਦੀ ਹਾਜ਼ਰੀ ਕਈ ਦਿਲਾਂ ਵਿੱਚ ਉਤਸ਼ਾਹ, ਪਰ ਕਈ ਸਿਰਾਂ ਵਿੱਚ ਚਿੰਤਾ ਵੀ ਛੱਡ ਗਈ। ਇਸ ਮਿਲਣੀ ਨੇ ਕਨੇਡਾ-ਭਾਰਤ ਸੰਬੰਧਾਂ ਵਿੱਚ ਨਵਾਂ ਮੁੜ ਖਿੱਚ ਪੈਦਾ ਕਰ ਦਿੱਤੀ ਹੈ। ਭਾਰਤੀ ਮੂਲ ਲਈ ਨਵਾਂ ਸਵਾਲ ਪੈਦਾ ਹੋ ਗਿਆ ਹੈ ਕੀ ਪੱਛਮੀ ਦੇਸ਼ਾਂ ਦੀ ਰਾਜਨੀਤਕ, ਭਾਰਤ ਦੀ ਅੰਤਰਰਾਸ਼ਟਰੀ ਅਸਮਰਥਾ, ਅਤੇ ਸਿੱਖ ਅੰਦੋਲਨ ਖਾਲਿਸਤਾਨ ਦੀ ਵਿਸ਼ਵ ਪੱਧਰੀ ਰੂਪ-ਰੇਖਾ ਨੂੰ ਸਿੱਧਾ ਤੌਰ ਤੇ ਮਾਨਤਾ ਦੇ ਰਹੇ ਹਨ ?

## ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਕੀਤਾ ਧੂਰੀ ਰੇਲਵੇ ਫਾਟਕਾਂ ਦਾ ਦੌਰਾ, ਜਲਦੀ ਰੇਲਵੇ ਓਵਰ ਬ੍ਰਿਜ ਬਣਾਉਣ ਦਾ ਦਿੱਤਾ ਭਰੋਸਾ

ਧੂਰੀ ( ਰਣਜੀਤ ਸਿੰਘ ਪੇਧਨੀ ) ਕੇਂਦਰ ਸਰਕਾਰ ਵੱਲੋਂ ਧੂਰੀ ਵਾਲੇ ਮੇਨ ਫਾਟਕਾਂ ਸਟੇਟਸ ਰਿਪੋਰਟ ਮੰਗੇ ਜਾਣ ਤੇ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਸ, ਰਣਦੀਪ ਸਿੰਘ ਦਿਓਲ ਹਲਕਾ ਇੰਚਾਰਜ ਧੂਰੀ ਦੀ ਅਗਵਾਈ ਹੇਠ ਕੇਂਦਰੀ ਰਾਜ ਮੰਤਰੀ ਸ, ਰਵਨੀਤ ਸਿੰਘ ਬਿੱਟੂ ਵੱਲੋਂ ਪਿਛਲੇ ਲੰਮੇ ਸਮੇਂ ਤੋਂ ਚੱਲ ਰਹੀ ਰੇਲਵੇ ਓਵਰ ਬ੍ਰਿਜ ਦੀ ਸਮੱਸਿਆ ਦੇ ਹੱਲ ਦੇ ਲਈ ਰੇਲਵੇ ਅਧਿਕਾਰੀਆਂ ਸਮੇਤ ਰੇਲਵੇ ਫਾਟਕ ਦਾ ਦੌਰਾ ਕੀਤਾ ਗਿਆ। ਇਸ ਮੌਕੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਕਿਹਾ ਕਿ ਸੂਬੇ ਦੀ ਮਾਨ ਸਰਕਾਰ ਹਰ ਫਰੰਟ ਤੇ ਫੇਲ ਹੋ ਚੁੱਕੀ ਜਦੋਂ ਮੁੱਖ ਮੰਤਰੀ ਆਪਣੇ ਹਲਕੇ ਵਿੱਚ ਕੰਮ ਨਹੀਂ ਕਰਵਾ ਸਕਦੇ ਤਾਂ ਹੋਰਾਂ ਹਲਕਿਆਂ ਦੇ ਵਿੱਚ ਉਹ ਕਿਵੇਂ ਕਰਵਾ ਸਕਣਗੇ। ਮੁੱਖ ਮੰਤਰੀ ਦਾ ਹਲਕਾ ਹੋਣ ਕਰਕੇ ਰੇਲਵੇ ਓਵਰ ਬ੍ਰਿਜ ਦੀ ਮੰਗ ਤਾ ਕੀ ਪੂਰੀ ਹੋਣੀ ਸੀ , ਮੁੱਖ ਮੰਤਰੀ ਵੱਲੋਂ ਕੇਂਦਰ ਸਰਕਾਰ ਤੋਂ ਰੇਲਵੇ ਓਵਰ ਬ੍ਰਿਜ ਬਣਾਉਣ ਦੀ ਮੰਗ ਹੀ ਨਹੀਂ ਰੱਖੀ ਗਈ। ਪਰ ਹੁਣ ਇਹ ਮਸਲਾ ਸਾਡੇ ਧਿਆਨ ਵਿੱਚ ਆ ਗਿਆ ਹੈ ਜਿਸ ਦਾ ਅਗਲੇ ਸਾਲ ਤੱਕ ਟੈਂਡਰ ਲਗਵਾ ਕੇ ਕੰਮ ਸ਼ੁਰੂ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਜਾਵੇਗੀ । ਇਸ ਮੌਕੇ ਜਿਲ੍ਹਾ ਪ੍ਰਧਾਨ ਧਰਮਿੰਦਰਜੀਤ ਸਿੰਘ ਦੁੱਲਟ, ਮੰਡਲ ਪ੍ਰਧਾਨ ਅਰੁਣ ਆਰੀਆ, ਜਗਦੀਪ ਸਿੰਘ ਗੱਗੂ ਤੂਰ, ਪਰਦੀਪ ਗਰਗ, ਭੁਪੇਸ਼ ਜਿੰਦਲ, ਬਰਜੇਸਵਰ ਗੋਇਲ, ਕੰਵਲਜੀਤ ਗਰਗ, ਅਸੀਸ ਗਰਗ ਜੋਗਿੰਦਰ ਸਿੰਘ ਖਾਲਸਾ, ਜਸਵਿੰਦਰ ਸਿੰਘ ਰਿਖੀ,ਹੀਰਾ ਅਮਰਗੜ੍ਹ ਹਾਜ਼ਰ ਸਨ।

# ਪਿਛਲੇ 9 ਸਾਲਾਂ ਤੋਂ ਪੰਜਾਬ ਪੁਲਿਸ ਵਿੱਚ ਖਿਡਾਰੀਆਂ ਦੇ ਕੋਟੇ ਤਹਿਤ ਨਹੀਂ ਹੋਈ ਭਰਤੀ, ਖਿਡਾਰੀ ਨਿਰਾਸ਼




**ਜਲੰਧਰ, 29 ਜੂਨ (ਆਵਾਜ਼ਿ ਕੌਮ ਬਿਊਰੋ)-** ਸਮੇ ਸਮੇ 'ਤੇ ਆਈਆਂ ਸਰਕਾਰਾਂ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਲੰਮੇ ਚੌੜੇ ਐਲਾਨ ਕਰਦੀਆਂ ਰਹੀਆਂ ਹਨ ਪਰੰਤੂ ਅਮਲ ਵਿੱਚ ਕੁਝ ਨਹੀਂ ਹੋਇਆ ਜਿਸ ਕਾਰਨ ਖਿਡਾਰੀਆਂ ਵਿਚ ਭਾਰੀ ਰੋਸ ਤੇ ਨਿਰਾਸ਼ਤਾ ਪਾਈ ਜਾ ਰਹੀ ਹੈ। ਖਿਡਾਰੀਆਂ ਨੂੰ ਉਨ ੍ਹਾਂ ਦੀ ਮਿਹਨਤ ਦਾ ਫਲ ਨਹੀਂ ਮਿਲਿਆ ਤੇ ਉਹ ਬੇਰੁਜਗਾਰੀ ਦੀ ਚੱਕੀ ਵਿਚ ਪਿਸ ਰਹੇ ਹਨ।

**ਪੰਜਾਬ ਸਰਕਾਰ ਤੋਂ ਖਿਡਾਰੀਆਂ ਦਾ ਕੋਟਾ ਭਰਨ ਦੀ ਮੰਗ**

ਖਿਡਾਰੀਆਂ ਦੀ ਮੰਗ ਹੈ ਕਿ ਉਨ ੍ਹਾਂ ਨੂੰ ਖੇਡਾਂ ਵਿੱਚ ਪ੍ਰਾਪਤੀਆਂ ਦੇ ਆਧਾਰ 'ਤੇ ਰਾਖਵੇਂ ਕੋਟੇ ਤਹਿਤ ਨੌਕਰੀ ਦਿੱਤੀ ਜਾਵੇ। ਹਰਮਨ, ਪੂਜਾ ਰਾਣੀ, ਸਬੀਰ ਮੁਹੰਮਦ, ਭਜਨਦੀਪ ਕੌਰ, ਹਰਜਿੰਦਰ ਕੌਰ, ਰਵੀ ਕੁਮਾਰ, ਹਰਸ਼ਦੀਪ ਸਿੰਘ, ਰੋਹਿਤ ਕੁਮਾਰ, ਸੰਦੀਪ ਕੁਮਾਰ, ਬਿਕਰਮ, ਸੰਜੂ, ਅਰਸ਼ਦੀਪ ਕੌਰ ਤੇ ਕਿਰਨਜੀਤ ਕੌਰ ਆਦਿ ਖਿਡਾਰੀ ਜੋ ਵੱਖ ਵੱਖ ਖੇਡਾਂ ਨਾਲ ਸਬੰਧਿਤ ਹਨ, ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਹੈ ਕਿ ਪੰਜਾਬ ਪੁਲਿਸ ਵਿਚ ਖਿਡਾਰੀਆਂ ਦੀ ਭਰਤੀ ਕੀਤੀ ਜਾਂਦੀ ਸੀ ਪਰੰਤੂ ਪਿਛਲੇ 2016 ਤੋਂ ਬਾਅਦ ਪੰਜਾਬ ਪੁਲਿਸ ਦੇ ਖੇਡ ਕੋਟੇ ਤਹਿਤ ਕੋਈ ਭਰਤੀ ਨਹੀਂ ਕੀਤੀ ਗਈ ਪਰ ਪੰਜਾਬ ਪੁਲਿਸ ਵਿੱਚ ਜਨਰਲ ਵਰਗ ਦੀ ਭਰਤੀ ਤਹਿਤ 2021 ਤੋਂ 2025 ਤੱਕ 11000 ਤੋਂ ਵਧ ਕਾਂਸਟੇਬਲਾਂ, ਹੈੱਡ ਕਾਂਸਟੇਬਲਾਂ ਤੇ ਸਬ ਇੰਸਪੈਕਟਰਾਂ ਦੀ ਭਰਤੀ ਕੀਤੀ ਗਈ ਹੈ। ਜੇਕਰ ਇਸ ਭਰਤੀ ਵਿੱਚ 3 ਫੀਸਦੀ ਕੋਟਾ ਖਿਡਾਰੀਆਂ ਦਾ ਭਰਿਆ ਜਾਂਦਾ ਤਾਂ 300 ਤੋਂ ਵਧ ਖਿਡਾਰੀ ਭਰਤੀ ਹੋਣੇ ਸਨ ਜੋ ਨਹੀਂ ਹੋਏ। ਖਿਡਾਰੀਆਂ ਦਾ ਕਹਿਣਾ ਹੈ ਕਿ ਉਨ ੍ਹਾਂ ਦੀ ਉਮਰ ਸੀਮਾ ਲੰਘਦੀ ਜਾ ਰਹੀ ਹੈ ਜਿਸ ਕਾਰਨ ਉਹ ਨਿਰਾਸ਼ ਹਨ। ਉਨ ੍ਹਾਂ ਇਹ ਵੀ ਕਿਹਾ ਹੈ ਕਿ ਖਿਡਾਰੀਆਂ ਦੇ ਕੋਟੇ ਦੀ ਭਰਤੀ ਨਾ ਹੋਣ ਕਾਰਨ ਪੰਜਾਬ ਪੁਲਿਸ ਦਾ ਖੇਡਾਂ ਵਿਚ ਪ੍ਰਦਰਸ਼ਨ ਘਟਦਾ ਜਾ ਰਿਹਾ ਹੈ। ਖਿਡਾਰੀਆਂ ਨੇ ਪੰਜਾਬ ਸਰਕਾਰ ਨੂੰ ਬੇਨਤੀ ਕੀਤੀ ਹੈ ਕਿ ਜਨਰਲ ਵਰਗ ਦੀ ਭਰਤੀ ਵਿੱਚ ਖਿਡਾਰੀਆਂ ਦਾ 3 ਫੀਸਦੀ ਕੋਟਾ ਭਰਿਆ ਜਾਵੇ ਤਾਂ ਜੋ ਯੋਗ ਖਿਡਾਰੀਆਂ ਨੂੰ ਸਰਕਾਰੀ ਨੌਕਰੀ ਮਿਲ ਸਕੇ ਤੇ ਉਹ ਖੇਡਾਂ ਦੇ ਖੇਤਰ ਵਿਚ ਪੰਜਾਬ ਤੇ ਪੰਜਾਬ ਪੁਲਿਸ ਦਾ ਨਾਂ ਰੋਸ਼ਨ ਕਰ ਸਕਣ।

### ਕੁੰਵਰ ਵਿਜੇ ਪ੍ਰਤਾਪ ਸਿੰਘ ਵਿਰੁੱਧ ਕਾਰਵਾਈ ਨੇ ਕੇਜਰੀਵਾਲ ਦੀ ਪਾਰਟੀ 'ਚ ਆਲੋਚਨਾ ਪ੍ਰਤੀ

# ਅੰਦਰੂਨੀ ਅਸਹਿਣਸ਼ੀਲਤਾ ਨੂੰ ਉਜਾਗਰ ਕੀਤਾ : ਪ੍ਰੋ. ਸਰਚਾਂਦ ਸਿੰਘ ਖਿਆਲਾ



**ਅੰਮ੍ਰਿਤਸਰ, 29 ਜੂਨ (ਆਵਾਜ਼ਿ ਕੌਮ ਬਿਊਰੋ)-** ਭਾਰਤੀ ਜਨਤਾ ਪਾਰਟੀ ਦੇ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਕਿਹਾ ਕਿ ਕੇਜਰੀਵਾਲ ਦੀ ਪਾਰਟੀ ਵੱਲੋਂ ਆਪਣੇ ਹੀ ਬੇਦਾਗ. ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਵਿਰੁੱਧ ਕੀਤੀ ਗਈ ਕਾਰਵਾਈ ਨੇ ਆਲੋਚਨਾ ਪ੍ਰਤੀ ਆਪ ਦੀ ਅੰਦਰੂਨੀ ਅਸਹਿਣਸ਼ੀਲਤਾ ਨੂੰ ਉਜਾਗਰ ਕੀਤਾ ਹੈ ਅਤੇ ਇਹ ਸਾਬਤ ਕੀਤਾ ਹੈ ਕਿ ਹੁਣ ਇਸ ਪਾਰਟੀ ਵਿੱਚ ਆਲੋਚਨਾ ਦੇ ਲਈ ਕੋਈ ਥਾਂ ਨਹੀਂ ਰਹਿ ਗਈ। ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ ਇੱਕ ਇਮਾਨਦਾਰ ਵਿਧਾਇਕ ਨੂੰ ਪਾਰਟੀ ਵਿਰੋਧੀ ਗਤੀਵਿਧੀਆਂ ਦੇ ਨਾਂ ਤੇ ਪਾਰਟੀ ਤੋਂ ਕੱਢ ਦਿੱਤਾ ਗਿਆ, ਜਦਕਿ ਭ੍ਰਿਸ਼ਟਾਚਾਰ ਦੇ ਗੰਭੀਰ ਦੋਸ਼ਾਂ ਹੇਠ ਫੜੇ ਗਏ ਸਾਬਕਾ ਸਿਹਤ ਮੰਤਰੀ ਵਿਜੇ ਸਿੰਗਲਾ ਨੂੰ ਕਲੀਨ ਚਿੱਟ ਦਿੱਤੀ ਗਈ। ਜੋ ਇਹ ਦਰਸਾਉਂਦਾ ਹੈ ਕਿ ਆਮ ਆਦਮੀ ਪਾਰਟੀ ਨੇ ਲੋਕਪਾਲ, ਭ੍ਰਿਸ਼ਟਾਚਾਰ ਵਿਰੋਧ ਅਤੇ ਸਰਕਾਰੀ ਜਵਾਬਦੇਹੀ ਵਰਗੇ ਸਿਧਾਂਤਾਂ ਨੂੰ ਪੂਰੀ ਤਰ੍ਹਾਂ ਤਿਲਾਂਜਲੀ ਦੇ ਦਿੱਤੀ ਗਈ ਹੈ, ਜਿਨ੍ਹਾਂ ਲਈ ਅੰਨ੍ਹਾ ਹਜ਼ਾਰੇ ਨੇ ਕਾਂਗਰਸ ਸਰਕਾਰਾਂ ਵਿਰੁੱਧ ਅੰਦੋਲਨ ਕੀਤਾ ਸੀ। ਉਨ੍ਹਾਂ ਕਿਹਾ ਕਿ ਲੋਕਤੰਤਰੀ ਪ੍ਰਣਾਲੀ ਵਿੱਚ, ਆਪਣੀ ਸਰਕਾਰ ਨੂੰ ਕੋਈ ਸੁਝਾਅ ਦੇਣਾ ਜਾਂ ਨੀਤੀਆਂ ਪ੍ਰਤੀ ਆਲੋਚਨਾਤਮਿਕ ਦ੍ਰਿਸ਼ਟੀਕੋਣ ਅਪਣਾ ਕੇ ਸਵਾਲ ਪੁੱਛਣਾ ਕਿਵੇਂ ਗ.ਲਤ ਹੋ ਸਕਦਾ ਹੈ ? ਆਲੋਚਕਾਂ ਨੂੰ ਸੰਤੁਸ਼ਟ ਕਰਨ ਦੀ ਥਾਂ ਉਨ੍ਹਾਂ ਦੀ ਆਵਾਜ਼ ਨੂੰ ਦਬਾਉਣ ਲਈ ਪਾਰਟੀ ਵਿੱਚੋਂ ਕੱਢਣਾ ਸਾਬਤ ਕਰਦਾ ਹੈ ਕਿ ਕੇਜਰੀਵਾਲ ਦੀ ਪਾਰਟੀ ਵਿੱਚ ਕੋਈ ਲੋਕਤੰਤਰੀ ਢਾਂਚਾ ਨਹੀਂ ਬਚਿਆ ਹੈ। ਪ੍ਰੋ. ਸਰਚਾਂਦ ਸਿੰਘ ਨੇ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਯਾਦ ਦਿਵਾਇਆ ਕਿ ਬਰਗਾੜੀ ਬੇਅਦਬੀ ਮਾਮਲੇ ਅਤੇ ਕੋਟਕਪੂਰਾ ਗੋਲ਼ੀਬਾਰੀ ਮਾਮਲੇ ਵਿੱਚ ਸੀਨੀਅਰ ਪੁਲਿਸ ਅਧਿਕਾਰੀ ਵਜੋਂ ਐਸ ਆਈ ਟੀ ਦੇ ਮੈਂਬਰ ਵਜੋਂ ਕੁੰਵਰ ਵਿਜੇ ਪ੍ਰਤਾਪ ਸਿੰਘ ਦੁਆਰਾ ਨਿਭਾਈ ਗਈ ਭੂਮਿਕਾ ਲਈ ਸਿੱਖ ਭਾਈਚਾਰੇ ਵੱਲੋਂ ਮਿਲੇ ਭਾਰੀ ਹੁੰਗਾਰੇ ਨੂੰ ਦੇਖਦੇ ਹੋਏ, ਕੇਜਰੀਵਾਲ ਖ਼ੁਦ ਅੰਮ੍ਰਿਤਸਰ ਆਏ ਅਤੇ ਕੁੰਵਰ ਪ੍ਰਤਾਪ ਨੂੰ ਪਾਰਟੀ ਵਿੱਚ ਸ਼ਾਮਲ ਕਰਕੇ 'ਆਪ' ਦਾ ਬ੍ਰਾਂਡ ਬਣਾਇਆ। ਵਿਧਾਇਕ ਬਣਨ ਤੋਂ ਬਾਅਦ, ਉਨ੍ਹਾਂ ਨੇ ਪੂਰੀ ਨਿਡਰਤਾ ਅਤੇ ਇਮਾਨਦਾਰੀ ਨਾਲ ਮਾਨ ਸਰਕਾਰ ਦੀਆਂ ਗ.ਲਤ ਨੀਤੀਆਂ ਵਿਰੁੱਧ ਲੋਕਾਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕੀਤੀ। ਪਰ ਬਦਕਿਸਮਤੀ ਨਾਲ, ਦੇਰ ਬਾਅਦ ਉਨ੍ਹਾਂ ਨੂੰ ਅਹਿਸਾਸ ਮਹਿਸੂਸ ਹੋਇਆ ਕਿ ਉਹ "ਵਰਤੇ ਜਾ ਚੁੱਕੇ ਹਨ" ਸੋ ਮਾਨ ਸਰਕਾਰ ਤੋਂ ਨਿਰਾਸ਼ ਹੋਣਾ ਉਨ੍ਹਾਂ ਲਈ ਸੁਭਾਵਿਕ ਸੀ। ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ "ਮੈਂ ਕੁੰਵਰ ਵਿਜੇ ਪ੍ਰਤਾਪ ਸਿੰਘ ਦਾ ਸਮਰਥਨ ਕਰਦਾ ਹਾਂ ਜਿਨ੍ਹਾਂ ਨੇ ਇਹ ਜੁੱਰਤ ਕੀਤੀ ਕਿ ਕੇਜਰੀਵਾਲ ਅਤੇ ਭਗਵੰਤ ਮਾਨ ਨੇ ਚੋਣਾਂ ਵਿੱਚ ਵਾਅਦਾ ਸਰਕਾਰ ਬਣਨ ਤੋਂ ਬਾਅਦ ਬੇਅਦਬੀ ਕਾਂਡ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦੀ ਕੀਤੀ ਸੀ, ਪਰ ਭਗਵੰਤ ਮਾਨ ਦੀ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨਾਲ ਮਿਲੀਭੁਗਤ ਨੇ ਦੋਸ਼ੀਆਂ ਨੂੰ ਆਜ਼ਾਦ ਅਤੇ ਨਿਡਰ ਹੋ ਕੇ ਘੁੰਮਣ ਦਾ ਮੌਕਾ ਦਿੱਤਾ ਹੈ। ਇਹ ਵੀ ਕਿ ਮੁੱਖ ਮੰਤਰੀ ਦੀ ਨਿਗਰਾਨੀ ਹੇਠ 'ਐਸ ਆਈ ਟੀ' ਗਵਾਹਾਂ ਨੂੰ ਮੁੱਕਰਨ ਲਈ ਮਜਬੂਰ ਕਰ ਰਹੀ ਹੈ ਅਤੇ ਦੋਸ਼ੀਆਂ ਨੂੰ ਫ਼ਾਇਦਾ ਪਹੁੰਚਾਇਆ ਜਾ ਰਿਹਾ ਹੈ। ਦੋਸ਼ੀਆਂ ਨੇ ਸਰਕਾਰੀ ਮਸ਼ੀਨਰੀ 'ਤੇ ਦਬਦਬਾ ਬਣਾ ਲਿਆ ਹੈ। ਪੰਜਾਬ ਦੇ ਲੋਕਾਂ ਨਾਲ ਧੋਖਾ ਹੋ ਚੁੱਕਿਆ ਹੈ। ਹੁਣ ਫ਼ੈਸਲਾ ਗੁਰੂ ਗੋਬਿੰਦ ਸਿੰਘ ਜੀ ਦੀ ਅਦਾਲਤ ਵਿੱਚ ਹੋਵੇਗਾ। ਉਨ੍ਹਾਂ ਨੂੰ ਵਿਧਾਨ ਸਭਾ ਵਿੱਚ ਵੀ ਬੇਅਦਬੀ ਦੇ ਮੁੱਦੇ 'ਤੇ ਬੋਲਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਸੀ। ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ ਵਿਧਾਇਕ ਨੂੰ ਬਾਹਰ ਦਾ ਰਸਤਾ ਦਿਖਾਉਣ ਲਈ ਬਿਕਰਮ ਸਿੰਘ ਮਜੀਠੀਆ ਵਿਰੁੱਧ ਵਿਜੀਲੈਂਸ ਕਾਰਵਾਈ 'ਤੇ ਸਵਾਲ ਉਠਾਉਣ ਨੂੰ ਅਧਾਰ ਬਣਾਉਣਾ ਤਾਂ ਇਕ ਬਹਾਨਾ ਸੀ, ਬੇਸ਼ੱਕ, ਮਾਨ ਸਰਕਾਰ ਅਤੇ 'ਆਪ' ਨੇ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਕਿ ਨਸ਼ਿਆਂ ਵਿਰੁੱਧ ਮੁਹਿੰਮ ਵਿੱਚ ਰਾਜਨੀਤੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਦਰਅਸਲ, ਵਿਧਾਇਕ ਵੱਲੋਂ ਆਪ ਸਰਕਾਰ ਦੀ ਉਸ ਦੇ ਗ.ਲਤ ਕੰਮਾਂ ਲਈ ਵਾਰ-ਵਾਰ ਆਲੋਚਨਾ ਕਰਨ ਅਤੇ ਘੇਰਨ ਤੋਂ ਬਾਅਦ ਮਾਨ ਸਰਕਾਰ ਆਪਣੇ ਆਪ ਨੂੰ ਬੁਰੀ ਤਰ੍ਹਾਂ ਫਸੀ ਹੋਈ ਮਹਿਸੂਸ ਕਰ ਰਹੀ ਸੀ। ਪਰ ਸਰਕਾਰ ਇਹ ਜਵਾਬ ਦੇਣ ਤੋਂ ਅਸਮਰਥ ਰਹੀ ਕਿ ਮਜੀਠੀਆ ਤੋਂ ਜਦੋਂ ਉਹ ਜੇਲ੍ਹ ਵਿੱਚ ਸੀ ਤਾਂ ਸਰਕਾਰ ਨੇ ਪੁੱਛਗਿੱਛ ਕਿਉਂ ਨਹੀਂ ਕੀਤੀ, ਉਸ ਦਾ ਰਿਮਾਂਡ ਕਿਉਂ ਨਹੀਂ ਲਿਆ ਗਿਆ ਅਤੇ ਉਸ ਨੂੰ ਜ਼ਮਾਨਤ ਕਿਉਂ ਦਿੱਤੀ ਗਈ ? ਕੀ ਇਹ ਸੱਚ ਨਹੀਂ ਹੈ ਕਿ ਸਰਕਾਰ ਨੇ ਵਿਜੀਲੈਂਸ ਨੂੰ ਆਪਣੇ ਫ਼ਾਇਦੇ ਲਈ ਵਰਤਿਆ ਹੈ ? ਪ੍ਰੋ. ਸਰਚਾਂਦ ਸਿੰਘ ਨੇ ਅੱਗੇ ਕਿਹਾ ਕਿ ਕੀ ਵਿਧਾਇਕ ਨੂੰ ਬਾਹਰ ਦਾ ਰਸਤਾ ਇਸ ਲਈ ਨਹੀਂ ਦਿਖਾਇਆ ਗਿਆ, ਕਿਉਂਕਿ ਉਸ ਨੇ ਨਗਰ ਨਿਗਮ ਚੋਣਾਂ ਤੋਂ ਬਾਅਦ ਜਿੱਤੇ ਕੌਂਸਲਰਾਂ ਦੀ ਖ਼ਰੀਦੋ-ਫ਼ਰੋਖ਼ਤ ਦਾ ਪਰਦਾਫਾਸ਼ ਕਰਕੇ ਆਪਣੀ ਹੀ ਸਰਕਾਰ ਦੀ ਆਲੋਚਨਾ ਕੀਤੀ ਸੀ ? ਇਸ ਲਈ ਕਿ ਉਨ੍ਹਾਂ ਨੇ 'ਆਪ' ਸੰਸਦ ਮੈਂਬਰ ਦਾ ਨਸ਼ੀਲੇ ਪਦਾਰਥਾਂ ਦੇ ਮਾਮਲੇ ਵਿੱਚ ਤਸਕਰਾਂ ਦੀ ਮਦਦ ਕਰਨ ਲਈ ਪੁਲਿਸ ਅਧਿਕਾਰੀਆਂ ਦੀ ਸਰਪ੍ਰਸਤੀ ਕਰਨ ਦਾ ਖ਼ੁਲਾਸਾ ਕੀਤਾ ? ਮਜੀਠਾ ਸ਼ਰਾਬ ਮਾਮਲੇ ਵਿੱਚ ਰਾਜਨੀਤੀ-ਪੁਲਿਸ ਅਤੇ ਸ਼ਰਾਬ ਮਾਫ਼ੀਆ ਦੇ ਗੱਠਜੋੜ ਨੂੰ ਰੋਕਣ ਵਿੱਚ ਮਾਨ ਸਰਕਾਰ ਦੀ ਅਸਫਲਤਾ 'ਤੇ ਸਵਾਲ ਉਠਾਏ ਜਿਸ ਵਿੱਚ 24 ਲੋਕਾਂ ਦੀ ਮੌਤ ਹੋ ਗਈ ਸੀ ? ਭਗਵੰਤ ਮਾਨ ਵਿਰੁੱਧ ਕੇਸ ਦਰਜ ਕਰਨ ਅਤੇ ਉਸ ਦੇ ਅਸਤੀਫ਼ੇ ਦੀ ਮੰਗ ਇਸ ਆਧਾਰ 'ਤੇ ਕੀਤੀ ਕਿ ਉਸ ਨੇ 2020 ਦੇ ਜ਼ਿਹਰੀਲੇ ਸ਼ਰਾਬ ਮਾਮਲੇ ਲਈ ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਜ਼ਿੰਮੇਵਾਰ ਠਹਿਰਾ ਕੇ ਉਸ ਦਾ ਅਸਤੀਫ਼ਾ ਮੰਗਿਆ ਸੀ ? ਕੀ ਵਿਧਾਇਕ ਵਿਰੁੱਧ ਕਾਰਵਾਈ ਇਸ ਲਈ ਕੀਤੀ ਗਈ ਕਿਉਂਕਿ ਉਸ ਨੇ ਮਾਨ ਸਰਕਾਰ ਦੇ ਸਕੂਲ ਆਫ਼ ਐਮੀਨੈਂਸ ਸਥਾਪਤ ਕਰਨ ਅਤੇ ਸਿੱਖਿਆ ਕ੍ਰਾਂਤੀ ਲਿਆਉਣ ਦੇ ਦਾਅਵਿਆਂ ਦੀ ਖਿੱਲੀ ਉਡਾਈ ਸੀ ਅਤੇ ਕਿਹਾ ਸੀ, "ਮੈਨੂੰ ਦਿਖਾਓ ਕਿ ਸਕੂਲ ਆਫ਼ ਐਮੀਨੈਂਸ ਦੇ ਨਵੇਂ ਸਕੂਲ ਕਿੱਥੇ ਬਣਾਏ ਗਏ ਹਨ ?" ਕਿਉਂਕਿ ਇਹ ਪਹਿਲਾਂ ਹੀ ਚੰਗੀ ਤਰ੍ਹਾਂ ਚਲਾਏ ਜਾ ਰਹੇ ਸਕੂਲ ਹਨ ਜਿਨ੍ਹਾਂ ਦੇ ਨਾਮ ਬਦਲ ਦਿੱਤੇ ਗਏ ਹਨ। ਅੰਤ ਵਿੱਚ, ਸਰਚਾਂਦ ਸਿੰਘ ਨੇ ਕਿਹਾ ਕਿ ਲੋਕ ਕੇਜਰੀਵਾਲ ਅਤੇ 'ਆਪ' ਦੇ ਦੋਹਰੇ ਮਾਪਦੰਡਾਂ ਅਤੇ ਤਾਨਾਸ਼ਾਹੀ ਦਾ ਜਵਾਬ ਦੇਣਗੇ। ਭਾਜਪਾ ਲੋਕਤੰਤਰ ਦੀਆਂ ਕਦਰਾਂ-ਕੀਮਤਾਂ, ਇਮਾਨਦਾਰ ਅਤੇ ਨਿਡਰ ਆਵਾਜ਼ਾਂ ਦਾ ਸਤਿਕਾਰ ਕਰਦੀ ਹੈ।

**ਭ੍ਰਿਸ਼ਟਾਚਾਰੀਆਂ ਨੂੰ ਰਾਹਤ ਅਤੇ ਇਮਾਨਦਾਰ ਤੇ ਉਸਾਰੀ ਆਲੋਚਕਾਂ ਦੀ ਆਵਾਜ਼ ਨੂੰ ਦਬਾਏ ਜਾਣ ਨਾਲ ਲੋਕ ਠੱਗੇ ਗਏ ਮਹਿਸੂਸ ਕਰਦੇ ਹਨ**

ਆਵਾਜ਼ਿ ਕੌਮ AWAZE QAUM International Newspaper & WEB TV

# ਸਰਕਾਰ ਦੀਆਂ ਨੀਤੀਆਂ ਵਿਰੁੱਧ ਮੁਲਾਜ਼ਮਾਂ ਅੰਦਰ ਫੈਲੀ ਰੋਹ ਦੀ ਲਹਿਰ—ਅਸ਼ਵਨੀ ਕੁਮਾਰ



**ਫ਼ਿਰੋਜ਼ਪੁਰ, 29 ਜੂਨ (ਮਨੋਹਰ ਲਾਲ) :—** ਮੁਲਾਜ਼ਮਾਂ ਨੂੰ ਦਰਪੇਸ਼ ਆਉਂਦੀਆਂ ਸਮੱਸਿਆਵਾਂ ਨੂੰ ਲੈ ਕੇ ਪੀ.ਐਸ.ਈ.ਬੀ ਇੰਪਲਾਈਜ਼ ਫੈਡਰੇਸ਼ਨ ਸਰਕਲ ਫ਼ਿਰੋਜ਼ਪੁਰ ਦੇ ਮੁਲਾਜ਼ਮਾਂ ਅਤੇ ਅਹੁਦੇਦਾਰਾਂ ਵੱਲੋਂ ਬੱਸ ਸਟੈਂਡ ਜਰਨੈਲ ਸਿੰਘ ਭਵਨ ਫ਼ਿਰੋਜ਼ਪੁਰ ਸ਼ਹਿਰ ਵਿਖੇ ਕੀਤੀ ਕਨਵੈਨਸ਼ਨ। ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਨੂੰ ਲੈ ਕੇ ਕੀਤੀ ਕਨਵੈਨਸ਼ਨ ਦੀ ਪ੍ਰਧਾਨਗੀ ਅਸ਼ਵਨੀ ਕੁਮਾਰ ਸਰਕਲ ਪ੍ਰਧਾਨ ਵੱਲੋਂ ਕੀਤੀ ਗਈ, ਜਦੋਂ ਇਸ ਕਨਵੈਨਸ਼ਨ ਵਿਚ ਵੱਡੀ ਗਿਣਤੀ ਮੁਲਾਜ਼ਮਾਂ ਨੇ ਸ਼ਿਰਕਤ ਕੀਤੀ। ਇਸ ਮੌਕੇ ਪੰਜਾਬ ਦੇ ਸਕੱਤਰ ਬਲਜੀਤ ਸਿੰਘ, ਸਤੀਸ਼ ਕੁਮਾਰ ਮੀਤ ਸਕੱਤਰ, ਲਖਵੀਰ ਸਿੰਘ ਮੀਤ ਪ੍ਰਧਾਨ, ਸੁਖਦੇਵ ਸਿੰਘ ਬੱਗੀ ਪਤਨੀ ਸਰਕਲ ਆਗੂ ਅਸ਼ਵਨੀ ਕੁਮਾਰ, ਸੁਖਚੈਨ ਸਿੰਘ, ਧਰਮਦੇਵ ਰਾਮ, ਜ਼ਸਵੰਤ ਸਿੰਘ ਜ਼ੋਨ ਆਗੂ, ਰਜੇਸ਼ ਦੱਤਾ, ਸਵਰਨ ਸਿੰਘ ਜ਼ੋਨ ਆਗੂ, ਬਲਕਾਰ ਸਿੰਘ ਭੁੱਲਰ, ਸੁਰਜੀਤ ਸਿੰਘ, ਰੋਸ਼ਨ ਲਾਲ, ਰਾਮ ਸੁਖ, ਜਗਦੇਵ ਸਿੰਘ, ਕੁਲਦੀਪ ਸਿੰਘ, ਰਮੇਸ਼ ਸਿੰਘ, ਰਾਜ ਸਿੰਘ ਆਦਿ ਆਗੂਆਂ ਨੇ ਸੰਬੋਧਨ ਕਰਦਿਆਂ ਸਰਕਾਰ ਵਿਰੁੱਧ ਰੋਹ ਜ਼ਾਹਿਰ ਕੀਤੀ। ਇਸ ਮੌਕੇ ਬੋਲਦਿਆਂ ਮੁਲਾਜ਼ਮ ਆਗੂਆਂ ਨੇ ਦੱਸਿਆ ਕਿ ਜਥੇਬੰਦੀ ਵੱਲੋਂ 24 ਜੂਨ ਤੋਂ ਵਰਕ—ਟੂ—ਰੂਲ ਮੁਤਾਬਿਕ ਕੰਮ ਕੀਤਾ ਜਾ ਰਿਹਾ ਹੈ ਅਤੇ ਮੁਲਾਜ਼ਮਾਂ ਮੰਗਾਂ ਦੇ ਹੱਲ ਲਈ ਦੇਸ਼ ਵਿਆਪੀ ਹੜਤਾਲ ਕੀਤੀ ਜਾਵੇਗੀ। ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ 60 ਮੰਗਾਂ ਦਾ ਮੰਗ ਪੱਤਰ ਦਿੱਤਾ ਹੋਇਆ ਹੈ ਅਤੇ ਪਾਵਰਕੌਮ ਦੀ ਮੈਨੇਜਮੈਂਟ ਨੂੰ ਮੰਗਾਂ ਬਾਰੇ ਜੁਆਇੰਟ ਫੋਰਮ ਅਤੇ ਏਕਤਾ ਮੰਚ ਜਥੇਬੰਦੀਆਂ ਵੱਲੋਂ ਕਈ ਵਾਰ ਮਿਲ ਚੁੱਕੇ ਹਾਂ, ਪਰ ਟਾਲ—ਮਟੋਲ ਕਰਕੇ ਪੰਜਾਬ ਸਰਕਾਰ ਅਤੇ ਪਾਵਰਕੌਮ ਦੀ ਮੈਨੇਜਮੈਂਟ ਟਾਈਮ ਟਪਾ ਕੇ ਮੀਟਿੰਗਾਂ ਅੱਗੇ ਪਾ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਦੀ ਉਕਤ ਡੰਗਾ ਟਪਾਊ ਨੀਤੀ ਨੂੰ ਲੈ ਕੇ ਮੁਲਾਜ਼ਮਾਂ ਅੰਦਰ ਰੋਹ ਦੀ ਲਹਿਰ ਫੈਲ ਰਹੀ ਹੈ ਅਤੇ ਜੇਕਰ ਪੰਜਾਬ ਸਰਕਾਰ ਤੇ ਪਾਵਰਕੌਮ ਨੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਨਾ ਮੰਨੀਆਂ ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ, ਜਿਸ ਦੀ ਸਾਰੀ ਜੁੰਮੇਵਾਰੀ ਪੰਜਾਬ ਸਰਕਾਰ ਅਤੇ ਪਾਵਰਕੌਮ ਮੈਨੇਜਮੈਂਟ ਦੀ ਹੋਵੇਗੀ।

ਆਵਾਜ਼ਿ ਕੌਮ AWAZE QAUM International Newspaper & WEB TV

# ਗੁਰਦੁਆਰਾ ਕਲਗੀਧਰ ਸਾਹਿਬ ਮੁਹੱਲਾ ਬਾਵਿਆਂ ਫ਼ਿਰੋਜ਼ਪੁਰ ਸ਼ਹਿਰ ਵਿਖੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼ ਦਿਵਸ ਤੇ ਮਹਾਨ ਪ੍ਰਕਾਸ਼ ਗੁਰਪੁਰਬ 20 ਜੁਲਾਈ ਨੂੰ—ਸਿਘ ਸੁਹਾਨਾ



**ਫ਼ਿਰੋਜ਼ਪੁਰ, 29 ਜੂਨ (ਮਨੋਹਰ ਲਾਲ) :—** ਗੁਰਦੁਆਰਾ ਕਲਗੀਧਰ ਸਾਹਿਬ ਮੁਹੱਲਾ ਬਾਵਿਆਂ ਫਿਰੋਜ਼ਪੁਰ ਸ਼ਹਿਰ ਵਿਖੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼ ਦਿਵਸ ਤੇ ਮਹਾਨ ਪ੍ਰਕਾਸ਼ ਗੁਰਪੁਰਬ 20 ਜੁਲਾਈ ਐਤਵਾਰ ਰਾਤ ਨੂੰ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਇਹ ਜਾਣਕਾਰੀ ਗੁਰਦੁਆਰਾ ਕਲਗੀਧਰ ਸਾਹਿਬ ਮੁਹੱਲਾ ਬਾਵਿਆਂ ਫ਼ਿਰੋਜ਼ਪੁਰ ਸਹਿਰ ਦੇ ਜਨਰਲ ਸਕੱਤਰ ਸਵਰਨ ਸਿੰਘ ਸੁਹਾਨਾ ਨੇ ਸਾਂਝੀ ਕਰਦਿਆਂ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾਵੇਗਾ। ਇਸ ਮੌਕੇ ਤੇ ਸਭ ਤੋਂ ਪਹਿਲਾਂ ਸ੍ਰੀ ਆਖੰਡ ਪਾਠ ਸਾਹਿਬ ਜੀ ਦਾ ਭੋਗ ਪਾਇਆ ਜਾਵੇਗਾ, ਭੋਗ ਉਪਰੰਤ ਦੀਵਾਨ ਸਜਾਏ ਜਾਣਗੇ, ਜਿਸ ਵਿਚ ਰਾਗੀ ਜਥਿਆਂ ਵੱਲੋਂ ਆਪਣੀ ਮਧੁਰ ਬਾਣੀ ਨਾਲ ਸੰਗਤਾਂ ਨੂੰ ਗੁਰੂ ਜ਼ਸ ਸੁਣਾ ਕੇ ਨਹਾਲ ਕਰਨਗੇ। ਇਸ ਮੌਕੇ ਤੇ ਭਾਈ ਕੰਵਲਜੀਤ ਸਿੰਘ, ਭਾਈ ਸੰਦੀਪ ਸਿੰਘ ਫ਼ਿਰੋਜ਼ਪੁਰ ਰਾਤ 7:30 ਵਜੇ, ਕਥਾ ਵਾਚਕ ਭਾਈ ਗੁਰਪ੍ਰੀਤ ਸਿੰਘ ਖਾਲਸਾ ਗੁਰਦੁਆਰਾ ਫ਼ਿਰੋਜ਼ਪੁਰ ਰਾਤ 8:30 ਵਜੇ, ਭਾਈ ਮੱਖਣ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲੇ 9:30 ਵਜੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਤੇ ਗੁਰੂ ਕਾ ਲੰਗਰ, ਠੰਡੇ ਮਿੱਠੇ ਜਲ ਦੀ ਛਬੀਲਾਂ ਲਗਾਈਆਂ ਜਾਣਗੀਆਂ। ਗੱਲਬਾਤ ਕਰਦਿਆਂ ਸਵਰਨ ਸਿੰਘ ਸੁਹਾਨਾ ਨੇ ਸਮੂਹ ਇਲਾਕੇ ਭਰ ਦੀਆਂ ਸੰਗਤਾਂ ਅਤੇ ਫ਼ਿਰੋਜ਼ਪੁਰ ਸ਼ਹਿਰ—ਛਾਉਣੀ ਦੀਆਂ ਸੰਗਤਾਂ ਨੂੰ ਬੇਨਤੀ ਕੀਤੀ ਕਿ ਉਹ ਭਾਰੀ ਗਿਣਤੀ ਵਿਚ ਪਹੁੰਚ ਕੇ ਆਏ ਹੋਏ ਰਾਗੀ, ਕਥਾਵਾਚਕ ਜਥਿਆਂ ਦੇ ਵਿਚਾਰ ਸੁਣ ਕੇ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

ਆਵਾਜ਼ਿ ਕੌਮ AWAZE QAUM International Newspaper & WEB TV

# ਵਿਕਰਮਜੀਤ ਸਾਹਨੀ ਨੇ ਦਿਲਜੀਤ ਦੋਸਾਂਝ ਦੇ ਹੱਕ ਵਿਚ ਕੀਤੀ ਆਵਾਜ਼ ਬੁਲੰਦ



ਨਵੀਂ ਦਿੱਲੀ 29 ਜੂਨ (ਮਨਪ੍ਰੀਤ ਸਿੰਘ ਖਾਲਸਾ):- ਪੰਜਾਬ ਤੋਂ ਰਾਜ ਸਭਾ ਮੈਂਬਰ ਡਾ. ਵਿਕਰਮਜੀਤ ਸਿੰਘ ਸਾਹਨੀ ਨੇ ਮਸ਼ਹੂਰ ਕਲਾਕਾਰ ਦਿਲਜੀਤ ਦੋਸਾਂਝ ਦੀ ਦੇਸ਼ ਭਗਤੀ 'ਤੇ ਸਵਾਲ ਉਠਾਉਣ ਵਾਲੀ ਆਲੋਚਨਾ ਦਾ ਵਿਰੁੱਧ ਵਿਰੋਧ ਕਰਦਿਆਂ ਇਸਨੂੰ ਦੋਸਾਂਝ ਵਰਗੇ ਮਹਾਨ ਕਲਾਕਾਰ ਨਾਲ ਬੇਇਨਸਾਫੀ ਕਰਾਰ ਦਿੱਤਾ ਹੈ। ਫਿਲਮ 'ਸਰਦਾਰ ਜੀ 3' ਦੇ ਹਵਾਲੇ ਨਾਲ ਪੈਦਾ ਹੋ ਵਿਵਾਦ ਦਾ ਹਵਾਲਾ ਦਿੰਦਿਆਂ ਡਾ. ਸਾਹਨੀ ਨੇ ਕਿਹਾ ਕਿ ਇਸ ਫਿਲਮ ਅਤੇ ਦਿਲਜੀਤ ਦੋਸਾਂਝ ਦੀ ਦੇਸ਼ ਭਗਤੀ 'ਤੇ ਹਮਲਾ ਕਰਨਾ ਬੇਇਨਸਾਫ਼ੀ ਜਾਪਦਾ ਹੈ, ਖਾਸ ਕਰਕੇ ਜਦੋਂ ਉਨ੍ਹਾਂ ਨੇ ਸਬੂਤਾਂ ਸਹਿਤ ਸਪੱਸ਼ਟ ਕੀਤਾ ਹੈ ਕਿ ਇਹ ਫਿਲਮ ਦੁਖਦਾਈ ਪਹਿਲਗਾਮ ਘਟਨਾ ਤੋਂ ਬਹੁਤ ਪਹਿਲਾਂ, ਫਰਵਰੀ ਵਿੱਚ ਸ਼ੂਟ ਕੀਤੀ ਗਈ ਸੀ, ਜਿਸ ਦੌਰਾਨ ਇੱਕ ਭਾਰਤ-ਪਾਕਿਸਤਾਨ ਕ੍ਰਿਕਟ ਮੈਚ ਵੀ ਹੋਇਆ ਸੀ। ਉਹਨਾ ਅਪੀਲ ਕੀਤੀ ਕਿ ਸਾਨੂੰ ਕਿਸੇ ਬਾਰੇ ਨਿਰਣਾ ਕਰਦੇ ਸਮੇਂ ਸਮਾਂ-ਸੀਮਾ ਜਾਂ ਤੱਥਾਂ ਨੂੰ ਉਲਝਾਉਣਾ ਨਹੀਂ ਚਾਹੀਦਾ। ਡਾ. ਸਾਹਨੀ ਨੇ ਦਿਲਜੀਤ ਦੋਸਾਂਝ ਦੀ ਜਨਤਕ ਭਾਵਨਾਵਾਂ ਪ੍ਰਤੀ ਸੰਵੇਦਨਸ਼ੀਲਤਾ ਲਈ ਵੀ ਪ੍ਰਸ਼ੰਸਾ ਕਰਦਿਆਂ ਫਿਲਮ ਨੂੰ ਭਾਰਤ ਵਿੱਚ ਰਿਲੀਜ਼ ਨਾ ਕਰਨ ਦੇ ਉਨ੍ਹਾਂ ਦੇ ਫੈਸਲੇ ਦਾ ਜ਼ਿਕਰ ਕੀਤਾ। ਉਨ੍ਹਾਂ ਨੇ ਲੋਕਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਕੇ ਅਤੇ ਭਾਰਤੀ ਸਿਨੇਮਾਘਰਾਂ ਵਿੱਚ ਫਿਲਮ ਰਿਲੀਜ਼ ਨਾ ਕਰਨ ਦਾ ਫੈਸਲਾ ਕਰਕੇ ਦੇਸ਼ ਪ੍ਰਤੀ ਸ਼ਾਨਦਾਰ ਭਾਵਨਾ ਦਾ ਪ੍ਰਗਟਾ ਕੀਤਾ ਹੈ। ਭਾਰਤੀ ਸੱਭਿਆਚਾਰ ਦੇ ਵਿਸ਼ਵਵਿਆਪੀ ਰਾਜਦੂਤ ਵਜੋਂ ਦਿਲਜੀਤ ਦੀ ਅਨਮੋਲ ਭੂਮਿਕਾ ਦਾ ਹਵਾਲਾ ਦਿੰਦੇ ਹੋਏ, ਡਾ. ਸਾਹਨੀ ਨੇ ਕਿਹਾ ਕਿ ਕਲਾਕਾਰ ਦੀ ਨਾਗਰਿਕਤਾ ਰੱਦ ਕਰਨ ਅਤੇ ਉਸਦੇ ਸੰਗੀਤ 'ਤੇ ਪਾਬੰਦੀ ਲਗਾਉਣ ਦੇ ਐਫ ਡਬਲਊ ਆਈ ਸੀ ਈ ਦੇ ਸੱਦੇ ਨੂੰ ਬਹੁਤ ਉਲਾਰ ਅਤੇ ਅਣਉਚਿਤ ਫੈਸਲਾ ਦੱਸਦਿਆਂ ਉਹਨਾ ਕਿਹਾ ਕਿ ਕੋਚੇਲਾ ਤੋਂ ਲੈ ਕੇ ਮੈਟ ਗਾਲਾ ਤੱਕ, ਦਿਲਜੀਤ ਨੇ ਭਾਰਤ ਨੂੰ ਮਾਣ ਦਿਵਾਇਆ ਹੈ। ਉਸ ਨੇ ਹਮੇਸ਼ਾ ਕਿਹਾ ਹੈ ਕਿ ਉਹ ਇੱਕ ਮਾਣਮੱਤਾ ਭਾਰਤੀ ਅਤੇ ਮਾਣਮੱਤਾ ਪੰਜਾਬੀ ਹੈ। ਸਾਨੂੰ ਆਪਣੇ ਸੱਭਿਆਚਾਰਕ ਨਾਇਕਾਂ ਦਾ ਜਸ਼ਨ ਮਨਾਉਣਾ ਚਾਹੀਦਾ ਹੈ ਅਤੇ ਗਲਤ ਜਾਣਕਾਰੀ ਅਤੇ ਤਰਕਹੀਣਤਾ 'ਤੇ ਉਨ੍ਹਾਂ ਨੂੰ ਬਦਨਾਮ ਨਹੀਂ ਕਰਨਾ ਚਾਹੀਦਾ।

ਆਵਾਜ਼ਿ ਕੌਮ AWAZE QAUM International Newspaper & WEB TV

ਜੂਨ 1969 ਸੱਚਖੰਡ ਪਿਆਨਾ

# ਭਾਨ ਸਿੰਘਾ ਤੇਰਾ ਘਰ ਵੱਡਾ ਕਰ ਦੇਈਏ..!


## ਸੰਤ ਗਿਆਨੀ ਗੁਰਬਚਨ ਸਿੰਘ ਭਿੰਡਰਾਂਵਾਲੇ





ਬਾਬਾ ਭਾਨ ਸਿੰਘ ਦੇ ਚੁਬਾਰੇ ਤੋਂ ਸੰਤਾਂ ਦਾ ਬਿਬਾਨ ਲਿਜਾਂਦੇ ਹੋਏ ਸੰਤ ਗਿ. ਕਰਤਾਰ ਸਿੰਘ ਜੀ ਖਾਲਸਾ ਅਤੇ ਜਥੇ ਦੇ ਹੋਰ ਸਾਰੇ ਸਿੰਘ








ਭਾਈ ਗੁਰਮੁਖ ਸਿੰਘ ਉੜੀਸਾ ਦਾ ਸੰਤਾ ਦੀ ਬਲਦੀ ਚਿਖਾ 'ਚ ਛਾਲ ਮਾਰਨ ਦਾ ਦ੍ਰਿਸ਼

ਚਮਕੌਰ ਸਾਹਿਬ ਦੀ ਜੰਗ ਤੋਂ ਬਾਅਦ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ "ਅਖਾੜੇ" ਪਿੰਡ ਬਿਰਾਜੇ ਜਿਥੇ ਚੜ੍ਹਦੇ ਪਾਸੇ ਦੀ ਢਾਬ ਦੇ ਕੰਢੇ ਕੈਂਬ ਦੇ ਦਰੱਖ਼ਤ ਹੇਠਾਂ ਸਤਿਗੁਰੂ ਜੀ ਨੇ ਸੰਗਤਾਂ ਨੂੰ ਦਰਸ਼ਨ ਦੇ ਕੇ ਨਿਹਾਲ ਕੀਤਾ,ਸਤਿਗੁਰੂ ਜੀ ਦੇ ਅਨਿਨ ਸਿੱਖ ਬਾਬਾ ਅਮਰਾ ਜੀ ਅਤੇ ਮਾਤਾ ਸੇਵੀ ਦੀ ਸਿੱਖਾ ਦੀ ਸ਼ਰਧਾ ਭਾਵਨਾ ਵੇਖ ਗੁਰੂ ਸਾਹਿਬ ਜੀ ਪ੍ਰਸੰਨ ਹੋਏ ਸਾਰੀ ਸੰਗਤ ਨੂੰ ਖੰਡੇ ਬਾਟੇ ਦੀ ਪਾਹੁਲ ਛਕਣ ਦਾ ਉਪਦੇਸ਼ ਕੀਤਾ ਬਾਬਾ ਅਮਰਾ ਜੀ ਅਤੇ ਮਾਤਾ ਸੇਵੀ ਜੀ ਨੇ ਅੰਮ੍ਰਿਤਪਾਨ ਕੀਤਾ। ਬਾਬਾ ਅਮਰਾ ਜੀ ਦੀ ਅੱਠਵੀਂ ਪੀੜ੍ਹੀ ਸੰਤ ਗਿਆਨੀ ਗੁਰਬਚਨ ਸਿੰਘ ਭਿੰਡਰਾਂਵਾਲੇ ਹੋਏ।ਬੰਸਾਵਲੀ ਬਾਰੇ ਵੇਰਵਾ ਮਹਾਂਪੁਰਸ਼ਾਂ ਦੀ ਜੀਵਨੀ "ਗਿਆਨ ਕਿਰਨਾਂ" ਵਿਚ ਮੌਜੂਦ ਹੈ,ਸੰਤ ਜੀ ਮਹਾਂਪੁਰਸ਼ ਦਮਦਮੀ ਦੇ ਬਾਰ੍ਹਵੇਂ ਮੁਖੀ ਸਨ । ਅੱਜ ਜਿੰਨਾ ਮਹਾਂਪੁਰਸ਼ਾਂ ਦੀ ਬਰਸੀ ਦਮਦਮੀ ਟਕਸਾਲ ਦੇ ਮੁੱਖ ਅਸਥਾਨ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਮਨਾਈ ਜਾ ਰਹੀ ਹੈ ਆਓ ਮਹਾਂਪੁਰਸ਼ਾਂ ਦੇ ਜੀਵਨ ਤੇ ਪੰਛੀ ਝਾਤ ਪਾਈਏ।ਸੰਤ ਗਿਆਨੀ ਗੁਰਬਚਨ ਸਿੰਘ ਭਿੰਡਰਾਂਵਾਲੇ 28 ਜੂਨ 1969 ਅੰਮ੍ਰਿਤ ਵੇਲੇ 2.10 ਅੰਮ੍ਰਿਤ ਵੇਲੇ 67 ਸਾਲ 4 ਮਹੀਨੇ 16 ਦਿਨ ਆਯੂ ਸਫਲ ਕਰਦਿਆਂ ਸੱਚਖੰਡ ਜਾ ਬਿਰਾਜੇ । ਮਹਾਂਪੁਰਸ਼ਾਂ ਦੇ ਗੜਵਈ ਭਾਈ ਗੁਰਮੁਖ ਸਿੰਘ ਉੜੀਸਾ ਉਨ੍ਹਾਂ ਦੇ ਨਾਲ ਹੀ ਚਿਤਾ ਵਿਚ ਛਾਲ੍ਹ ਮਾਰ ਕੇ ਚੱਲ ਵਸੇ ਇਸ ਕਰਾਮਾਤੀ ਘਟਨਾ ਦੇ ਚਸ਼ਮਦੀਦ ਸਿੰਘ ਸਾਹਿਬ ਗਿਆਨੀ ਜਸਵੰਤ ਸਿੰਘ ਜੀ ਵਲੋਂ ਆਪਣੀ ਕ੍ਰਿਤ "ਚਿੱਟਾ ਚੋਲ੍ਹਾ" ਵਿਚ ਇਓ ਕਲਮਬੰਦ ਕੀਤਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV


"ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨੇ ਦੱਸਿਆ ਕਿ 14 ਹਾੜ ਦੀ ਰਾਤ ਨੂੰ ਭਾਈ ਗੁਰਮੁਖ ਸਿੰਘ ਉੜੀਸਾ ਗਿਆਰਾਂ ਵਜੇ ਤੱਕ ਸੰਤਾਂ ਕੋਲ ਪੱਖਾ ਝੱਲ ਰਿਹਾ ਸੀ ਰਾਤ 11 ਵਜੇ ਸਰਦਾਰ ਦਲੀਪ ਸਿੰਘ ਜੀ ਸ਼ਾਹ ਮਹਿਤੇ ਵਾਲਿਆਂ ਦੀ ਬੰਬੀ 'ਤੇ ਆਪਣੇ ਆਸਣ ਤੇ ਜਾ ਬਿਰਾਜਿਆ।

ਦੋ ਵਜੇ ਉੱਬੜ ਵਾਹੇ ਉੱਠਿਆ,ਸਾਥੀਆਂ ਨੂੰ ਕਹਿਣ ਲੱਗਾ,÷ਮੈਨੂੰ ਸੰਤ ਆਵਾਜ਼ਾਂ ਮਾਰ ਰਹੇ ਹਨ ਕਿ ਆ ਭਾਈ ਗੁਰਮੁਖ ਸਿੰਘ ਚੱਲੀਏ..!

ਸਿੰਘਾਂ ਨੇ ਕਿਹਾ, "ਤੈਨੂੰ ਐਵੇਂ ਸੁਪਨਾ ਆਇਆ ਹੋਣਾ ਹੈ, ਸੰਤ ਤਾਂ ਇਸ ਸਮੇਂ ਬਿਰਾਜੇ ਹੋਣਗੇ÷ਪਰ ਉਹ ਆਪਣੀ ਧੁੰਨ ਵਿੱਚ ਤੁਰਿਆ ਗਿਆ । ਜਦ ਨੇੜੇ ਅੱਪੜਿਆ ਤਾਂ ਇੱਕ ਸਿੰਘ ਨੇ ਦੱਸਿਆ ਕਿ ਸੰਤ ਜੀ ਤਾਂ ਸੱਚਖੰਡ ਨੂੰ ਚੜ੍ਹਾਈ ਕਰ ਗਏ ਹਨ ।

ਸੁਣਦਿਆਂ ਸਾਰ ਕਾਲਜਾ ਫੜ੍ਹ ਕੇ ਬੈਠ ਗਿਆ,ਰੋਣਾ ਚਾਹੁੰਦਾ ਸੀ, ਪਰ ਰੋ ਨਾ ਸਕਿਆ ਪੱਥਰ ਦੀ ਮੂਰਤੀ ਵਾਂਗ ਹੋ ਗਿਆ। ਸੰਤਾਂ ਦੇ ਪਲੰਘ ਕੋਲ ਜਾ ਕੇ ਫ਼ਤਹਿ ਬੁਲਾ ਕੇ ਨਿੰਮੋਝੂਣਾ ਜਿਹਾ ਹੋ ਕੇ ਬਹਿ ਗਿਆ ਸਰੀਰ ਦਾ ਇਸ਼ਨਾਨ ਕਰਾਉਣ ਵੇਲੇ ਵੀ ਨਾਲ ਸ਼ਾਮਿਲ ਸੀ । ਇਸ ਨੇ ਸਵੇਰ ਤੋਂ ਕੁੱਝ ਵੀ ਨਹੀਂ ਖਾਧਾ ਪੀਤਾ ਸੀ। ਸ਼ਾਮ ਦੇ ਚਾਰ ਵਜੇ ਸਰਹਾਲੀ ਪਿੰਡ ਇੱਕ ਸਿੰਘ ਨੇ ਲੱਸੀ ਦਾ ਗਿਲਾਸ ਮੱਲੋ ਮੱਲੀ ਪਿਆਇਆ। ਜਥੇ ਦੇ ਸਿੰਘ ਤਾਂ ਲੰਗਰ ਦੀ ਸੇਵਾ,ਆਸਣ ਲਾਉਣ ਜਾਂ ਜਰੂਰੀ ਕੰਮਾਂ ਵਿਚ ਰੁੱਝ ਗਏ,ਪਰ ਪਤਾਲਪੁਰੀ ਕੀਰਤਪੁਰ ਸਾਹਿਬ ਜਾਣ ਵੇਲੇ ਇਹ ਟਰੱਕ ਦੇ ਨਾਲ ਹੀ ਰਿਹਾ। ਮਹਾਂਪੁਰਖਾਂ ਦੇ ਸਰੀਰ ਨਾਲ ਹੀ ਸਾਰੇ ਜੱਥੇ ਦਾ ਸਮਾਨ ਸੀ । ਗੁਰਮੁਖ ਸਿੰਘ ਨੇ ਦੋ-ਤਿੰਨ ਟਰੰਕ ਵੀ ਚੁੱਕੇ ਤੇ ਹੋਰ ਸਿੰਘਾਂ ਨਾਲ ਲੱਗ ਕੇ ਸਾਰੇ ਟਰੰਕ ਗੁਰਦੁਆਰੇ ਦੀ ਗੈਲਰੀ ਵਿੱਚ ਰੱਖ ਦਿੱਤੇ ।

ਸਮਾਨ ਟਿਕਾਣੇ ਤੇ ਪਹੁੰਚਾਉਣ ਬਾਅਦ ਗੁਰਮੁਖ ਸਿੰਘ ਸੰਤਾਂ ਦੇ ਸਰੀਰ ਕੋਲ ਸਾਰੀ ਰਾਤ ਬੈਠਾ ਰਿਹਾ । ਸਸਕਾਰ ਤੋਂ ਪਹਿਲਾਂ ਪਤਾਲਪੁਰੀ ਸਿੰਘਾਂ ਨਾਲ ਮਿਲ ਕੇ ਸੰਤਾਂ ਦੇ ਸਰੀਰ ਦਾ ਇਸ਼ਨਾਨ ਕਰਵਾਇਆ । ਇੱਕ ਸਿੰਘ ਨੇ ਦੱਸਿਆ ਕਿ ਸੰਤਾਂ ਦੇ ਸਰੀਰ ਦਾ ਇਸ਼ਨਾਨ ਕਰਾਉਣ ਉਪਰੰਤ ਭਾਈ ਉੜੀਸਾ ਨੇ ਆਪ ਵੀ ਦਰਿਆ ਵਿਚ ਜਾ ਕੇ ਇਸ਼ਨਾਨ ਕੀਤਾ । ਮਹਾਂਪੁਰਖਾਂ ਦੇ ਇਸ਼ਨਾਨ ਸਮੇਂ ਉਤਾਰੇ ਬਸਤਰ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਪਾਸ ਸਨ । ਉਹਨਾਂ ਕੋਲੋਂ ਸੰਤਾਂ ਦੇ ਸੀਸ ਵਾਲੀ ਦਸਤਾਰ ਲੈ ਕੇ ਆਪਣੇ ਸੀਸ ਤੇ ਸਜਾ ਲਈ । ਚਿਖਾ ਵਾਲੀ ਥਾਂ ਤੋਂ ਨੇੜੇ ਦਰਿਆ ਵਾਲੇ ਪਾਸੇ ਝਾੜੀਆਂ ਵਿਚ ਬੈਠ ਕੇ ਜਪੁਜੀ ਸਾਹਿਬ ਤੇ ਸੋਹਿਲੇ ਦਾ ਪਾਠ ਕੀਤਾ, ਖੜੇ ਹੋ ਕੇ ਅਰਦਾਸ ਕੀਤੀ । ਸਿੰਘ ਸਮਝਦੇ ਰਹੇ ਕਿ ਸੰਤਾਂ ਲਈ ਅਰਦਾਸ ਕਰਦਾ ਹੈ, ਪਰ ਇਹ ਸਾਰੀ ਤਿਆਰੀ ਆਪਣੇ ਸੰਸਕਾਰ ਲਈ ਕਰ ਰਿਹਾ ਸੀ ।



ਚਿਖਾ ਨੂੰ ਅਗਨੀ ਦਿੱਤੀ ਗਈ,ਜਦੋਂ ਉੱਚੇ ਲਾਂਬੂ ਨਿੱਕਲੇ ਤਾਂ ਗੁਰਮੁਖ ਸਿੰਘ ਦੂਜੇ ਸਿੰਘਾਂ ਨਾਲ ਮਿਲ ਕੇ ਅੰਗੀਠੇ ਦੇ ਇਰਦ ਗਿਰਦ ਬਾਲਣ ਨੂੰ ਚੱਕ ਕੇ ਅੰਗੀਠੇ ਵਿੱਚ ਸੁੱਟਦਾ ਰਿਹਾ । ਇਸ ਤਰ੍ਹਾਂ ਅੰਗੀਠੇ ਦੀਆਂ ਚਾਰ ਪ੍ਰਕਰਮਾ ਕੀਤੀਆਂ । ਜਦੋਂ ਬਾਕੀ ਸਿੰਘ ਦੂਜੇ ਪਾਸੇ ਸਨ ਤਾਂ ਨਦੀ ਦੀ ਤਰਫੋਂ ਦੌੜ ਕੇ ਚਿਖਾ ਵਿੱਚ ਛਾਲ ਮਾਰ ਦਿੱਤੀ ।

ਸਰਦਾਰ ਅਵਤਾਰ ਸਿੰਘ ਨੇ ਉਸ ਦਾ ਪੈਰ ਫੜ੍ਹਨਾ ਚਾਹਿਆ, ਪਰ ਪੈਰ ਹੱਥ ਵਿਚੋਂ ਨਿਕਲ ਗਿਆ । ਰਾਗੀ ਬਚਿੱਤਰ ਸਿੰਘ ਨੇ ਵੀ ਆਪਣਾ ਪਰਨਾ ਦੋਹਾਂ ਲੜਾਂ ਤੋਂ ਫੜ ਕੇ ਇਉਂ ਸੁੱਟਿਆ, ਜਿਵੇਂ ਉਹ ਪੈਰ 'ਚ ਅੜ ਜਾਵੇ ਤੇ ਉਸਨੂੰ ਬਾਹਰ ਖਿੱਚ ਲਿਆ ਜਾਵੇ, ਪਰ ਅੱਗ ਦੀ ਤੇਜੀ ਕਰਕੇ ਪਰਨਾ ਇੱਕ ਸਕਿੰਟ ਤੋਂ ਵੀ ਪਹਿਲਾਂ ਸੜ ਕੇ ਸੁਆਹ ਹੋ ਗਿਆ । ਗਿਆਨੀ ਗੁਰਬਚਨ ਸਿੰਘ ਅੰਮ੍ਰਿਤਸਰ ਸਾਹਿਬ ਵਾਲਿਆਂ ਨੇ ਵੀ ਬਚਾਉਣ ਦਾ ਯਤਨ ਕੀਤਾ ਲੇਕਿਨ ਉਹ ਸੰਤਾਂ ਨਾਲ ਸੱਚਖੰਡ ਨੂੰ ਵਾਸ ਹੋ ਚੁੱਕਾ ਸੀ] ਸੰਤ ਜੀ ਬ੍ਰਹਮ-ਗਿਆਨੀ, ਵਿੱਦਿਆ ਮਾਰਤੰਡ ਅਤੇ ਉੱਚਕੋਟੀ ਦੇ ਵਿਦਵਾਨ ਸਨ। ਜਿਨ੍ਹਾਂ ਗੁਰਬਾਣੀ ਕਥਾ ਦੁਆਰਾ ਪਖੰਡ ਅਤੇ ਦੇਹਧਾਰੀ ਗੁਰੂ ਡੰਮ੍ਹ ਦਾ ਡਟ ਕੇ ਵਿਰੋਧ ਕੀਤਾ। 40 ਸਾਲ ਪੰਥ ਦੀ ਨਿਸ਼ਕਾਮ ਸੇਵਾ ਤੇ ਸਿਮਰਨ ਦੀ ਮਹਾਨ ਘਾਲਣਾ ਘਾਲਨ ਦੇ ਨਾਲ - ਨਾਲ ਹਜ਼ਾਰਾਂ ਸਿੰਘਾਂ ਨੂੰ ਗੁਰਮਤਿ ਵਿੱਦਿਆ ਪੜ੍ਹਾਉਣ, ਗੁਰਬਾਣੀ ਦੀ ਸ਼ੁੱਧ ਸੰਥਿਆ ਅਤੇ ਅਰਥ ਪੜ੍ਹਾਉਣ ਦੀ ਸੇਵਾ ਅਤੇ ਜ਼ਿੰਮੇਵਾਰੀ ਨੂੰ ਅਖੀਰਲੇ ਸਵਾਸਾਂ ਤੱਕ ਨਿਭਾਇਆ ।

ਮਹਾਂਪੁਰਸ਼ਾਂ ਦੀ ਜੀਵਨੀ ਚੋਂ ਮਿਲੀ ਜਾਣਕਾਰੀ ਅਨੁਸਾਰ ਸ਼੍ਰੀ 'ਗੁਰਮੁਖ ਪ੍ਰਕਾਸ਼' ਦੇ ਰਚੇਤਾ,ਪਰਉਪਕਾਰ,ਸੰਜਮ ਤੇ ਤਿਆਗ ਦੀ ਇਸ ਮੂਰਤ ਨੇ ਪੰਥ ਦੀ ਅਣਥੱਕ ਸੇਵਾ ਕਰਦਿਆਂ 28 ਕਥਾ ਸ੍ਰੀ ਗੁਰੂ ਗ੍ਰੰਥ ਸਾਹਿਬ, 5 ਕਥਾ ਸ੍ਰੀ ਦਸਮ ਗ੍ਰੰਥ ਸਾਹਿਬ ਜੀ,1 ਕਥਾ ਭਾਈ ਗੁਰਦਾਸ ਜੀ ਦੀਆਂ ਵਾਰਾਂ, ਕਬਿੱਤ ਸਵੱਈਏ,30 ਕਥਾ ਸ੍ਰੀ ਗੁਰੁ ਪ੍ਰਤਾਪ ਸੂਰਜ ਗ੍ਰੰਥ ਅਤੇ ਪੰਥ ਪ੍ਰਕਾਸ਼ ਅਤੇ ਹੋਰ ਗੁਰ ਇਤਿਹਾਸ ਦੀ ਵਿਆਖਿਆ ਵੀ ਕੀਤੀ। ਆਪ ਦੇ ਮਸਤਿਕ ਅਤੇ ਗੁਰਬਾਣੀ ਕਥਾ ਦਾ ਅਲੌਕਿਕ ਪ੍ਰਭਾਵ ਸਦਕਾ ਜਿਹੜਾ ਵੀ ਉਨ੍ਹਾਂ ਤੋਂ ਗੁਰਬਾਣੀ ਕਥਾ ਸਰਵਣ ਕਰਦਾ ਸੀ, ਉਹ ਹਮੇਸ਼ਾ ਲਈ ਤਿਆਰ-ਬਰ-ਤਿਆਰ ਹੋ ਕੇ ਗੁਰਮਤਿ ਦਾ ਪਰਪੱਕ ਧਾਰਨੀ ਹੋ ਜਾਂਦਾ ਸੀ। ਉਨ੍ਹਾਂ ਚੋਂ ਹੀ ਇਕ ਭਾਈ ਗੁਰਮੁਖਿ ਸਿੰਘ ਉੜੀਸਾ ਸੀ।

**ਜਿਸ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥**
**ਧ੍ਰਿਗ ਜੀਵਣੁ ਸੰਸਾਰਿ ਤਾਂ ਕੈ ਪਾਛੈ ਜੀਵਣਾ ॥**
**[ਸਿਰੀਰਾਗ ਕੀ ਵਾਰ÷ਅੰਗ 83]**

ਭਾਈ ਗੁਰਮੁਖਿ ਸਿੰਘ ਦਾ ਜਨਮ ਸਨਾਤਨੀ ਪਰਿਵਾਰ ਵਿਚ ਉੜੀਸਾ ਪ੍ਰਾਂਤ ਦੇ ਇਕ ਛੋਟੇ ਜਿਹੇ ਪਿੰਡ ਵਿਖੇ ਹੋਇਆ ਜਿਨਾ ਦਾ ਬਚਪਨ ਦਾ ਨਾਂ ਕਰਮ ਚੰਦ ਸੀ। ਛੋਟੀ ਉਮਰੇ ਕੱਲਕਤੇ ਮਿਹਨਤ ਮਜਦੂਰੀ ਕਰਨ ਆਇਆ। ਸਿਰ ਤੋਂ ਘੋਨ/ਮੋਨ ਸੀ। ਪਰ ਗੁਰਦੁਆਰਾ ਜਗਤ ਸੁਧਾਰ ਕੱਲਕਤਾ ਵਿਖੇ ਕਦੇ ਕਦੇ ਆਇਆ ਕਰਦਾ। ਜਿਥੇ ਸੰਤ ਅਜਾਇਬ ਸਿੰਘ ਜੀ ਅਤੇ ਹੋਰ ਪੰਜਾਬ ਤੋਂ ਆਏ ਮਹਾਂਪੁਰਸ਼ਾਂ ਤੋਂ ਕਥਾ ਵਿਚਾਰ ਸੁਣਦਾ। ਉਥੇ ਇਕ ਵਾਰ ਸੰਤ ਈਸ਼ਰ ਸਿੰਘ ਰਾੜਾ ਸਾਹਿਬ ਜੀ ਆਏ ਜਿੰਨਾ ਦੀ ਰਸਨਾ ਤੋਂ ਇਲਾਹੀ ਗੁਰਬਾਣੀਂ ਦੀ ਕਥਾ ਸੁਣਕੇ ਬਹੁਤ ਪ੍ਰਭਾਵਤ ਹੋਇਆ।

ਉਸਤੋਂ ਬਾਅਦ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਜਥੇ ਸਮੇਤ ਗੁਰਦੁਆਰਾ ਜਗਤ ਸੁਧਾਰ ਕਲਕੱਤਾ ਪਹੁੰਚੇ 150 ਵਿਦਿਆਰਥੀ ਕਥਾ ਸਮੇ ਜਦ ਪੋਥੀਆਂ ਦਾ ਪ੍ਰਕਾਸ਼ ਕਰਦੇ ਤਾਂ ਇਕ ਅਲੌਕਿਕ ਨਜ਼ਾਰਾ ਪੇਸ਼ ਹੁੰਦਾ। ਅਧਿਆਤਮਿਕ ਰੂਹਾਨੀ ਬਚਨ ਸ੍ਰਵਣ ਕਰਦਿਆਂ ਕਰਮ ਚੰਦ ਇਕ ਦਿਨ ਸੰਤ ਜੀ ਨੂੰ ਮਿਲੇ ਸੰਤਾਂ ਨੇ ਪਿਆਰ ਦਿੱਤਾ ਬਹੁਤ ਖੁਸ਼ ਹੋਇਆ। ਕਰਮ ਚੰਦ ਨੇ ਕਿਹਾ ਸੰਤ ਜੀ ਮੇਰੇ ਤੇ ਬਖਸ਼ਿਸ਼ ਕਰੋ।

ਸੰਤ ਕਹਿਣ ਲੱਗੇ ਕਰਮ ਚੰਦ ਬਖਸ਼ਿਸ਼ ਤਾਂ ਕਲਗੀਧਰ ਪਾਤਸ਼ਾਹ ਹੀ ਕਰਨਗੇ ਤੂੰ ਕੇਸ ਰੱਖ,ਗੁਰਬਾਣੀ ਪੜ੍ਹ,ਜੂੱਠੇ ਬਰਤਨਾਂ ਦੀ ਸੇਵਾ ਕਰ,ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਵੇਖੀ ਫੇਰ ਬਖਸ਼ਿਸ਼ ਨਾਲ ਜੀਵਨ ਵੀ ਸਫਲਾ ਹੋਵੇਗਾ।

ਸੰਤ ਜੀ ਨੇ ਗਿਆਨੀ ਲਹੌਰਾ ਸਿੰਘ,ਬਾਬਾ ਕਰਤਾਰ ਸਿੰਘ,ਬਾਬਾ ਕਿਸ਼ਨ ਸਿੰਘ ਤਿੰਨ ਸਿੰਘਾਂ ਦੀ ਡਿਊਟੀ ਲਾਕੇ ਪੰਜਾਬੀ ਗੁਰਮੁਖ਼ੀ ਦੀ ਪੜ੍ਹਾਈ ਕਰਵਾਈ ਕੁਝ ਹੀ ਦਿਨਾਂ ਚ ਕਰਮ ਚੰਦ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਗੁਰਮੁਖ਼ ਸਿੰਘ ਬਣ ਗਿਆ।

ਜੋ ਚੰਗਾ ਅਖੰਡਪਾਠੀ ਅਤੇ ਅਣਥੱਕ ਲੰਗਰਾਂ ਦੀ ਸੇਵਾ ਕਰਨ ਵਾਲਾ ਸੇਵਾਦਾਰ ਹੋ ਨਿਬੜਿਆ ਅੰਮ੍ਰਿਤ ਵੇਲੇ ਉੱਠਕੇ ਹੱਥੀਂ ਨਲਕਾਂ ਗੇੜ ਕੇ ਜਥੇ ਦੇ ਸਿੰਘਾਂ ਦਾ ਇਸ਼ਨਾਨ ਕਰਵਾਉਂਦਾ। ਜਥੇ ਦੇ ਸਿੰਘਾਂ ਅਤੇ ਮਹਾਪੁਰਸ਼ਾਂ ਦਰਮਿਆਨ ਐਸਾ ਪਿਆਰ ਬਣਿਆ ਕਿ ਘਰ ਭੁੱਲ ਬੈਠਾ। ਇਕ ਦਿਨ ਮਹਾਂਪੁਰਸ਼ਾਂ ਬਚਨ ਕੀਤਾ "ਕਿ ਗੁਰਮੁੱਖ ਸਿੰਘ ਜਾਹ ਆਪਣੇ ਮਾਂ-ਬਾਪ ਦੀ ਸੁਧ ਖ਼ਬਰ ਲੈ"

ਮਹਾਂਪੁਰਸ਼ਾਂ ਦੀ ਆਗਿਆ ਨਾਲ ਕਰਮ ਚੰਦ ਤੋਂ ਗੁਰਮੁਖਿ ਸਿੰਘ ਬਣ ਆਪਣੇ ਘਰ ਚਲੇ ਗਿਆ। ਪਰ ਅਫਸੋਸ÷ਉਸਦੇ ਸਿੱਖੀ ਸਰੂਪ ਨੂੰ ਵੇਖ਼ ਭੈਣ-ਭਰਾ ਸਭ ਘਰ ਵੜਦਿਆਂ ਹੀ ਚਿੜ ਗਏ ਗੁਰਮੁਖ਼ ਸਿੰਘ ਨੂੰ ਉਨ੍ਹਾਂ ਘਰ ਤਾਂ ਵਾੜ ਲਿਆ ਪਰ ਰਾਤ ਨੂੰ ਸੁੱਤੇ ਪਏ ਦੇ ਵਾਲ ਕੱਟਣ ਦੀ ਮਨਸ਼ਾ ਬਣਾ ਲਈ ਇਸ ਦੀ ਇੱਕ ਵੱਡੀ ਭਾਬੀ ਨੇ ਗੁਰਮੁਖ਼ ਸਿੰਘ ਨੂੰ ਸਭ ਕੁਝ ਦੱਸ ਦਿੱਤਾ।

ਬਸ ਉਸੇ ਰਾਤ ਗੁਰਮੁਖਿ ਸਿੰਘ ਆਪਣੇ ਘਰੋਂ ਪੱਕਾ ਨਿਕਲ ਆਇਆ ਇਸ ਘਟਨਾ ਦੀ ਐਸੀ ਚੋਟ ਵੱਜੀ ਨੌਕਰੀ ਛੱਡ ਦਿੱਤੀ। ਸਾਰਾ ਸਮਾਨ ਕੱਠਾ ਕਰ ਟਰੰਕ ਚ ਪਾ ਕੇ ਜਥੇ ਵਿਚ ਲੈ ਆਇਆ। ਸੰਤਾਂ ਅੱਗੇ ਟਰੰਕ ਰੱਖ ਹੱਥ ਜੋੜ ਭਾਵੁਕ ਹੋ ਕੇ ਖਲੋ ਗਿਆ ਜਿਸ ਵਿਚ ਇਕ ਲੋਈ ਤੇ ਕੁਝ ਵਰਤੋਂ ਦਾ ਸਮਾਨ ਸੀ। ਘਰ ਦੀ ਵਾਰਤਾ ਸੁਣਾ ਕੇ ਕਹਿਣ ਲੱਗਾ ਸੰਤ ਜੀ ਅੱਜ ਤੋਂ ਬਾਅਦ ਸਭ ਕੁਝ ਤੁਹਾਨੂੰ ਤੇ ਜਥੇ ਨੂੰ ਅਰਪਨ ਹੈ ਮਹਾਰਾਜ ਆਵਾਗਵਣ ਤੋਂ ਬਚਾ ਲਵੋ।

ਜਨਮ ਕਰਕੇ ਭਾਵੇਂ ਮੇਰਾ ਸਿੱਖੀ ਨਾਲ ਕੋਈ ਸਬੰਧ ਨਹੀ ਸੀ। ਪਰ ਆਪ ਦੇ ਪਿਆਰ ਤੇ ਪੂਰਬਲੇ ਕਰਮਾਂ ਕਰਕੇ ਜੋ ਦਾਤ ਪ੍ਰਾਪਤ ਹੋਈ ਹੈ ਗੁਰੂ ਚਰਨਾਂ ਚ ਅਰਦਾਸ ਕਰ ਦਿਓ ਉਹ ਤੋੜ ਨਿਭ ਜਾਵੇ।

ਸੰਤ ਜੀ ਨੇ ਦੇਗ ਤਿਆਰ ਕਰਕੇ ਅਰਦਾਸ ਕੀਤੀ "ਹੇ ਸੱਚੇ ਪਾਤਸ਼ਾਹ ਗੁਰਮੁਖ਼ ਸਿੰਘ ਦਾ ਸਰਬੰਸ ਆਪ ਜੀ ਨੂੰ ਅਰਪਨ ਹੈ। ਸਤਿਗੁਰੂ ਜੀ ਆਪ ਦੇ ਪਿਆਰੇ ਦੀ ਸਿੱਖੀ ਤੋੜ ਨਿਭ ਜਾਵੇ ਕ੍ਰਿਪਾ ਕਰੋ । ਅਰਦਾਸ ਤੋਂ ਬਾਅਦ ਸੰਤ ਜੀ ਕਹਿਣ ਲੱਗੇ ਗੁਰਮੁਖ਼ ਸਿੰਘਾ ਤੇਰੀ ਸਾਡੇ ਨਾਲ ਜਰੂਰ ਨਿਭ ਜਾਵੇਗੀ ।ਇਸ ਗੱਲ ਦਾ ਭੇਦ ਕਈ ਸਾਲ੍ਹਾ ਬਾਅਦ ਸੰਨ੍ਹ 1969 ਨੂੰ ਪਤਾਲਪੁਰੀ ਸਾਹਿਬ ਖੁਲ੍ਹਿਆ ਜਿਥੇ ਭਾਈ ਗੁਰਮੁਖਿ ਸਿੰਘ ਮਹਾਂਪੁਰਸ਼ਾਂ ਨਾਲ ਹੀ ਗੁਰਪੁਰੀ ਜਾ ਬਿਰਾਜੇ।

ਮਹਿਤੇ ਨਗਰ ਨੂੰ ਭਾਗ ਲਾਉਂਦਿਆਂ ਸੱਚਖੰਡ ਜਾਣ ਤੋਂ ਪਹਿਲਾਂ ਸੰਤਾਂ ਨੇ ਕਿਹਾ "ਭਾਈ ਭਾਨ ਸਿੰਘਾ ਤੇਰਾ ਘਰ ਵੱਡਾ ਕਰ ਦੇਈਏ... ?"

ਬਾਬਾ ਭਾਨ ਸਿੰਘ ਸੋਚੀਂ ਪਿਆ ਸੀ ਕਿ ਸ਼ਾਇਦ ਸੰਤ ਗਿਆਨੀ ਗੁਰਬਚਨ ਸਿੰਘ ਭਿੰਡਰਾਂਵਾਲੇ ਮਹਾਂਪੁਰਸ਼ ਮੇਰੇ ਸੰਸਾਰੀ ਘਰ ਬਾਰੇ ਕਹਿ ਰਹੇ ਹਨ,ਪਰ ਇਸ ਰਮਜ਼ ਦੀ ਸਮਝ ਉਦੋਂ ਲੱਗੀ ਜਦੋਂ ਸੰਤ ਕਰਤਾਰ ਸਿੰਘ ਭਿੰਡਰਾਂਵਾਲੇ ਮਹਾਂਪੁਰਸ਼ਾਂ ਨੇ ਮਹਿਤਾ ਪਿੰਡ ਵਿਖੇ ਭਾਈ ਬਾਬਾ ਭਾਨ ਸਿੰਘ ਦੇ ਗ੍ਰਿਹਿ ਵਾਲੇ ਅਸਥਾਨ ਤੇ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਦੀ ਨੀਂਹ ਰੱਖੀ।

ਜੋ ਪਾਵਨ ਅਸਥਾਨ ਅੱਜ ਵਿਸ਼ਵ ਭਰ ਵਿਚ ਵੀ ਕਿਸੇ ਜਾਣ ਪਛਾਣ ਦਾ ਮੁਥਾਜ ਨਹੀ,ਜਿਥੇ ਸੰਤ ਜਰਨੈਲ ਸਿੰਘ ਵਰਗੇ ਮਹਾਂਪੁਰਸ਼ਾਂ ਨੇ ਗੁਰਮਤਿ ਵਿੱਦਿਆ ਪ੍ਰਾਪਤ ਕੀਤੀ,ਸੈਕੜੇਂ ਸ਼ਹੀਦਾਂ ਦਾ ਬਚ੍ਹਪਨ ਬੀਤਿਆ,ਸ਼ਹੀਦਾਂ ਦੀ ਕਰਮਭੂਮੀ ਕਦੇ ਗੁਰੂਘਰ ਦੇ ਇਕ ਸ਼ਰਧਾਲੂ ਸਿੱਖ ਅਤੇ ਦਮਦਮੀ ਟਕਸਾਲ ਦੇ ਮੁਖੀ ਮਹਾਂਪੁਰਸ਼ਾਂ ਦੇ ਪ੍ਰੇਮੀ ਬਾਬਾ ਭਾਨ ਸਿੰਘ ਦਾ ਘਰ ਸੀ।

ਸੰਤ ਗਿਆਨੀ ਹਰਨਾਮ ਸਿੰਘ ਭਿੰਡਰਾਂਵਾਲਿਆਂ ਮਹਾਂਪੁਰਸ਼ਾਂ ਵਲੋਂ ਕਥਾ ਵਖਿਆਨ ਦੌਰਾਨ ਦੱਸਿਆ ਕਿ ਅਸੀ ਜਦੋਂ ਬਚ੍ਹਪਨ ਸਮੇਂ ਇਲਾਕੇ ਦੇ ਪਿੰਡਾਂ ਵਿਚ ਧਰਮ ਪ੍ਰਚਾਰ ਹਿਤ ਜਾਂਦੇ ਸੀ ਤਾਂ ਬਹੁਤੇ ਬਜੁਰਗ ਕਿਹਾ ਕਰਦੇ ਸਨ ਕਿ ਇਹ ਵੱਡੇ ਘਰੋਂ ਆਏ ਹਨ ।

**-ਬਾਬਾ ਸੁਖਵੰਤ ਸਿੰਘ ਚੰਨਣਕੇ ਚੌਕ ਮਹਿਤਾ**

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਪਿੰਡ ਚੰਨਣਕੇ ਦੀ ਡਰੇਨ 'ਤੇ ਪੁਲੀਸ ਮੁਕਾਬਲੇ ਵਿੱਚ

# ਦੋਸ਼ੀ ਦੀ ਲੱਤ ਵਿੱਚ ਲੱਗੀ ਗੋਲੀ











**ਚੌਂਕ ਮਹਿਤਾ, 29 ਜੂਨ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਅੱਜ ਸ਼ਾਮ ਤਕਰੀਬਨ 6 ਵਜੇ ਮਹਿਤਾ ਚੌਂਕ ਦੇ ਨੇੜਲੇ ਪਿੰਡ ਚੰਨਣ ਕੇ ਦੀ ਡਰੇਨ ਤੇ ਇੱਕ ਪੁਲਿਸ ਮੁਕਾਬਲਾ ਹੋਇਆ, ਜਿਸ ਵਿੱਚ ਪਹਿਲਾਂ ਹੀ ਗ੍ਰਿਫਤਾਰ ਕੀਤੇ ਜਾ ਚੁੱਕੇ ਸੋਨੀ ਸਿੰਘ ਉਰਫ ਸੋਨੂੰ ਪੁਤਰ ਨਿਰਮਲ ਸਿੰਘ ਪਿੰਡ ਤਨੇਲ ਥਾਣਾ ਮੱਤੇਵਾਲ ਦੀ ਲੱਤ ਵਿੱਚ ਗੋਲੀ ਲੱਗਣ ਕਾਰਨ ਜ਼ਖਮੀ ਹੋ ਗਿਆ। ਇਸ ਸਮੇਂ ਮੌਕਾ-ਏ-ਵਾਰਦਾਤ ਉੱਪਰ ਪਹੁੰਚੇ ਐਸ ਪੀ ਸ਼੍ਰੀ ਅਦਿੱਤਿਆ ਵਾਰੀਅਰ, ਡੀਐਸਪੀ ਸ੍ਰ ਰਵਿੰਦਰ ਸਿੰਘ ਤੇ ਐਸਐਚਓ ਮਹਿਤਾ ਚੌਂਕ ਸ੍ਰ ਹਰਪਾਲ ਸਿੰਘ ਨੇ ਦੱਸਿਆ ਕਿ ਉਕਤ ਦੋਸ਼ੀ ਨੂੰ ਹਥਿਆਰਾਂ ਦੀ ਬਰਾਮਦਗੀ ਵਾਸਤੇ ਜਦ ਇਸ ਡਰੇਨ ਤੇ ਲਿਆਂਦਾ ਗਿਆ ਤਾਂ ਉਸਨੇ ਲੁਕਾ ਕੇ ਰੱਖੇ ਗਏ ਪਿਸਤੋਲ ਨਾਲ ਪੁਲਿਸ ਪਾਰਟੀ ਤੇ ਫਾਇਰਿੰਗ ਕਰ ਦਿੱਤੀ ਜਵਾਬੀ ਕਾਰਵਾਈ ਵਿੱਚ ਕਥਿਤ ਦੋਸ਼ੀ ਸੋਨੀ ਸਿੰਘ ਦੀ ਖੱਬੀ ਲੱਤ ਵਿੱਚ ਗੋਲੀ ਵੱਜੀ। ਪੁਲਿਸ ਵੱਲੋਂ ਉਸ ਨੂੰ ਗ੍ਰਿਫਤਾਰ ਕਰਕੇ ਬਾਬਾ ਬਕਾਲਾ ਸਾਹਿਬ ਦੇ ਸਰਕਾਰੀ ਹਸਪਤਾਲ ਵਿਖੇ ਇਲਾਜ ਲਈ ਭੇਜਿਆ ਜਾ ਚੁੱਕਾ ਹੈ। ਉਹਨਾਂ ਨੇ ਦੱਸਿਆ ਕਿ ਦੋਸ਼ੀ ਸੋਨੀ ਸਿੰਘ ਨੂੰ ਕੁਝ ਦਿਨ ਪਹਿਲਾਂ ਗ੍ਰਿਫਤਾਰ ਕੀਤਾ ਸੀ ਗਿਆ ਸੀ ਅਤੇ ਉਸ ਕੋਲੋਂ ਇੱਕ ਬੱਤੀ ਬੋਰ ਦਾ ਪਿਸਟਲ, ਦੋ ਜਿੰਦਾ ਰੌਂਦ ਅਤੇ 262 ਗਰਾਮ ਹੈਰੋਇਨ ਬਰਾਮਦ ਕੀਤੀ ਗਈ ਸੀ। ਉਹਨਾਂ ਦੱਸਿਆ ਕਿ ਇਸੇ ਦੋਸ਼ੀ ਸੋਨੀ ਸਿੰਘ ਨੇ ਪਿੰਡ ਰਾਮ ਦਿਵਾਲੀ ਦੇ ਇੱਕ ਮੈਡੀਕਲ ਸਟੋਰ ਤੇ ਵੀ ਗੋਲੀਆਂ ਚਲਾਈਆਂ ਸਨ ਪੁੱਛ ਗਿੱਛ ਦੌਰਾਨ ਸੋਨੀ ਸਿੰਘ ਨੇ ਦੱਸਿਆ ਕਿ ਉਸ ਨੇ ਇੱਕ ਪਿਸਟਲ ਲੁਕਾ ਕੇ ਰੱਖਿਆ ਹੋਇਆ ਹੈ ਅੱਜ ਸ਼ਾਮ ਤਕਰੀਬਨ 6 ਵਜੇ ਜਦ ਉਸ ਹਥਿਆਰ ਦੀ ਬਰਾਮਦਗੀ ਵਾਸਤੇ ਪੁਲਿਸ ਪਾਰਟੀ ਦੋਸ਼ੀ ਨੂੰ ਨਾਲ ਲੈ ਕੇ ਚੰਨਣ ਕੇ ਪਿੰਡ ਦੇ ਨੇੜਲੀ ਡਰੇਨ ਤੇ ਪੁੱਜੀ ਤਾਂ ਝਾੜੀਆਂ ਵਿੱਚ ਲੁਕਾ ਕੇ ਰੱਖੇ ਗਏ ਉਸ ਪਿਸਟਲ ਨਾਲ ਸੋਨੀ ਸਿੰਘ ਨੇ ਕਥਿਤ ਤੌਰ ਤੇ ਪੁਲਿਸ ਪਾਰਟੀ ਉੱਪਰ ਫਾਇਰਿੰਗ ਕਰ ਦਿੱਤੀ ਜਿਸ ਦੇ ਜਵਾਬ ਵਜੋਂ ਚਲਾਈਆਂ ਗੋਲੀਆਂ ਦੌਰਾਨ ਦੋਸ਼ੀ ਗੰਭੀਰ ਰੂਪ ਵਿੱਚ ਜਖਮੀ ਹੋ ਗਿਆ ਤੇ ਉਸ ਨੂੰ ਇਸ ਵੇਲੇ ਬਾਬਾ ਬਕਾਲਾ ਸਾਹਿਬ ਦੇ ਸਰਕਾਰੀ ਹਸਪਤਾਲ ਵਿੱਚ ਭੇਜ ਕੇ ਉਸ ਦਾ ਇਲਾਜ ਕਰਵਾਇਆ ਜਾ ਰਿਹਾ ਹੈ।

**ਅਸਲਾ ਰਿਕਵਰੀ ਲਈ ਲਿਆਂਦੇ ਦੋਸ਼ੀ ਨੇ ਪੁਲੀਸ ਉੱਪਰ ਕੀਤਾ ਫਾਇਰ**

### ਦਿੱਲੀ ਗੁਰਦੁਆਰਾ ਪ੍ਰਬੰਧਨ ਵਿੱਚ

# ਵਧਦੀ ਸਰਕਾਰੀ ਦਖਲਅੰਦਾਜ਼ੀ ਵਿਰੁੱਧ ਅਰਦਾਸ



**ਨਵੀਂ ਦਿੱਲੀ 29 ਜੂਨ (ਮਨਪ੍ਰੀਤ ਸਿੰਘ ਖਾਲਸਾ)**:- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਵਧਦੀ ਸਰਕਾਰੀ ਦਖਲਅੰਦਾਜ਼ੀ ਵਿਰੁੱਧ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਨੇ ਅੱਜ ਗੁਰਦੁਆਰਾ ਰਕਾਬਗੰਜ ਸਾਹਿਬ ਵਿਖੇ ਅਰਦਾਸ ਕੀਤੀ। ਅਕਾਲੀ ਦਲ ਦਫ਼ਤਰ ਤੋਂ ਸੈਂਕੜੇ ਸੰਗਤਾਂ ਨੇ ਦਰਬਾਰ ਹਾਲ ਵਿੱਚ ਗੁਰੂ ਚਰਨਾਂ ਵਿੱਚ ਮੱਥਾ ਟੇਕਣ ਤੋਂ ਬਾਅਦ ਨਿਸ਼ਾਨ ਸਾਹਿਬ ਦੇ ਸਾਹਮਣੇ ਵਰਾਂਡੇ ਵਿੱਚ ਪੰਥ ਦੀ ਚੜ੍ਹਦੀਕਲਾ ਲਈ ਅਰਦਾਸ ਕੀਤੀ। ਅਰਦਾਸ ਦੀ ਇਸ ਲੜੀ ਤਹਿਤ ਪਿਛਲੇ ਹਫ਼ਤੇ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਸ਼ੁਰੂ ਹੋਈ ਸੀ, ਹੁਣ ਹਰ ਐਤਵਾਰ ਕਿਸੇ ਵੀ ਗੁਰਦੁਆਰਾ ਸਾਹਿਬ ਵਿੱਚ ਅਰਦਾਸ ਕਰਨ ਦਾ ਪ੍ਰੋਗਰਾਮ ਪਿਛਲੇ ਹਫ਼ਤੇ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਵੱਲੋਂ ਦਿੱਤਾ ਗਿਆ ਸੀ। ਇਸ ਮੌਕੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਕਿਹਾ ਕਿ ਬੋਲ਼ੀ ਅਤੇ ਗੂੰਗੀ ਸਰਕਾਰ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿੱਚ ਦਖਲ ਦੇਣ ਤੋਂ ਗੁਰੇਜ਼ ਨਹੀਂ ਕਰ ਰਹੀ। ਇਸ ਤੋਂ ਪਹਿਲਾਂ ਸਾਡੇ ਦੋ ਚੁਣੇ ਹੋਏ ਦਿੱਲੀ ਕਮੇਟੀ ਮੈਂਬਰਾਂ ਦੀ ਮੈਂਬਰਸ਼ਿਪ ਖਤਮ ਕਰ ਦਿੱਤੀ ਗਈ ਸੀ। ਉਸ ਤੋਂ ਬਾਅਦ, ਆਮ ਚੋਣਾਂ ਦੀ ਬਜਾਏ, ਅੰਦਰੂਨੀ ਚੋਣਾਂ ਕਰਵਾਈਆਂ ਗਈਆਂ, ਜੋ ਕਾਨੂੰਨੀ ਪ੍ਰਕਿਰਿਆ ਦਾ ਮਜ਼ਾਕ ਉਡਾਉਂਦੀਆਂ ਹਨ। ਸਰਕਾਰ ਦੀ ਕਾਰਜਸ਼ੈਲੀ ਨੇ ਗੁਰਦੁਆਰੇ ਦੇ ਸੁਤੰਤਰ ਪ੍ਰਬੰਧਨ ਵਿੱਚ ਰੁਕਾਵਟਾਂ ਪੈਦਾ ਕਰ ਦਿੱਤੀਆਂ ਹਨ। ਮੌਜੂਦਾ ਸੱਤਾਧਾਰੀ ਧਿਰ ਕਿਸੇ ਵੀ ਮੁੱਦੇ 'ਤੇ ਸਰਕਾਰ ਨਾਲ ਗੱਲ ਕਰਨ ਦੀ ਤਾਕਤ ਅਤੇ ਇੱਛਾ ਸ਼ਕਤੀ ਗੁਆ ਚੁੱਕੀ ਹੈ। ਇਹੀ ਕਾਰਨ ਹੈ ਕਿ ਸਰਕਾਰ ਨਾਲ ਅੱਖ ਮਿਲਾ ਕੇ ਗੱਲ ਕਰਨ ਦੀ ਗੱਲ, ਸਿੱਖ ਮਸਲਿਆਂ ਨੂੰ ਹੱਲ ਕਰਨਾ ਤਾਂ ਦੂਰ ਦੀ ਗੱਲ, ਹੁਣ ਹਵਾ ਵਿੱਚ ਅਲੋਪ ਹੋ ਗਈ ਹੈ। ਕਿਉਂਕਿ ਜਦੋਂ ਸਾਰੇ ਦੁਨਿਆਵੀ ਰਸਤੇ ਬੰਦ ਹੋ ਜਾਂਦੇ ਹਨ, ਤਾਂ ਸਿੱਖ ਕੋਲ ਸਿਰਫ਼ 'ਅਰਦਾਸ' ਦਾ ਵਿਕਲਪ ਬਚਦਾ ਹੈ। ਇਸ ਲਈ ਅਸੀਂ ਗੁਰੂ ਚਰਨਾਂ ਵਿੱਚ ਬੇਨਤੀ ਕੀਤੀ ਹੈ ਕਿ ਸਿੱਖ ਭਾਈਚਾਰੇ ਨੂੰ ਸੁਤੰਤਰ ਅਤੇ ਖੁਦਮੁਖਤਿਆਰ ਪ੍ਰਬੰਧਨ ਦਿੱਤਾ ਜਾਵੇ। ਜੀ.ਕੇ. ਨੇ ਅੱਜ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਦਾ ਹਵਾਲਾ ਦਿੰਦੇ ਹੋਏ ਇਸ ਤੱਥ ਦਾ ਹਵਾਲਾ ਦਿੱਤਾ ਕਿ ਸਿੱਖ ਰਾਜ ਦੌਰਾਨ ਸਾਰੇ ਧਰਮਾਂ ਨੂੰ ਪੂਰੇ ਅਧਿਕਾਰ ਅਤੇ ਆਜ਼ਾਦੀ ਸੀ। ਇਸ ਮੌਕੇ ਦਿੱਲੀ ਕਮੇਟੀ ਮੈਂਬਰ ਪਰਮਜੀਤ ਸਿੰਘ ਰਾਣਾ ਨੇ ਸਰਕਾਰ ਸਾਹਮਣੇ ਦਿੱਲੀ ਕਮੇਟੀ ਪ੍ਰਬੰਧਕਾਂ ਦੀਆਂ ਆਤਮ ਸਮਰਪਣ ਨੀਤੀਆਂ ਦੀ ਨਿੰਦਾ ਕੀਤੀ। ਅਕਾਲੀ ਆਗੂ ਡਾ. ਪਰਮਿੰਦਰ ਪਾਲ ਸਿੰਘ ਨੇ ਅਰਦਾਸ ਕਰਨ ਦੀ ਜ਼ਰੂਰਤ ਅਤੇ ਮੌਜੂਦਾ ਪੰਥਕ ਸਥਿਤੀ ਦੀ ਸਮੀਖਿਆ ਕੀਤੀ। ਇਸ ਮੌਕੇ ਮੌਜੂਦ ਪ੍ਰਮੁੱਖ ਆਗੂਆਂ ਵਿੱਚ ਬੀਬੀ ਮਨਦੀਪ ਕੌਰ ਬਖਸ਼ੀ, ਦਿੱਲੀ ਕਮੇਟੀ ਦੇ ਕਈ ਮੈਂਬਰ ਅਤੇ ਵੱਡੀ ਗਿਣਤੀ ਵਿੱਚ ਅਕਾਲੀ ਦਲ ਦੇ ਅਧਿਕਾਰੀ ਅਤੇ ਵਰਕਰ ਸ਼ਾਮਲ ਸਨ।

**ਜਦੋਂ ਸਾਰੇ ਦੁਨਿਆਵੀ ਰਸਤੇ ਬੰਦ ਹੋ ਜਾਂਦੇ ਹਨ, ਤਾਂ ਸਿੱਖ ਕੋਲ ਸਿਰਫ਼ 'ਅਰਦਾਸ' ਦਾ ਵਿਕਲਪ ਬਚਦਾ ਹੈ : ਜੀ.ਕੇ**

# ਨਹਿਰ ਵਿੱਚ ਪਏ ਪਾੜ ਨੂੰ ਪੂਰਨ ਦਾ ਕੰਮ ਜੰਗੀ ਪੱਧਰ ਉੱਤੇ ਜਾਰੀ: ਬਰਿੰਦਰ ਕੁਮਾਰ ਗੋਇਲ

- ☛ ਕੈਬਨਿਟ ਮੰਤਰੀ ਵੱਲੋਂ ਕੋਟੜਾ ਲਹਿਲ ਵਿਖੇ ਨਹਿਰ ਵਿੱਚ ਪਏ ਪਾੜ ਪੂਰਨ ਦੇ ਕੰਮ ਦਾ ਜਾਇਜ਼ਾ
- ☛ ਪਾੜ ਪੂਰਨ ਦੇ ਕੰਮ ਵਿੱਚ ਲੱਗੇ ਲੋਕਾਂ ਲਈ ਮੈਡੀਕਲ ਸੇਵਾ, ਪਾਣੀ ਅਤੇ ਖਾਣੇ ਦੇ ਢੁਕਵੇਂ ਪ੍ਰਬੰਧ
- ☛ ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਭੱਠੇ ਵਾਲਿਆਂ ਦੀਆਂ ਸਾਰੀਆਂ ਮੁਸ਼ਕਲਾਂ ਦੇ ਹੱਲ ਲਈ ਵਚਨਬੱਧ



**ਲਹਿਰਾਗਾਗਾ ( ਰਣਜੀਤ ਸਿੰਘ ਪੇਧਨੀ )**-ਵਿਧਾਨ ਸਭਾ ਹਲਕਾ ਲਹਿਰਾ ਦੇ ਪਿੰਡ ਕੋਟੜਾ ਲਹਿਲ ਵਿਖੇ ਨਹਿਰ ਵਿੱਚ ਪਏ ਪਾੜ ਨੂੰ ਪੂਰਨ ਹਿਤ ਕੰਮ ਜੰਗੀ ਪੱਧਰ ਉੱਤੇ ਜਾਰੀ ਹੈ ਤੇ ਨਹਿਰ ਵਿੱਚ ਪਏ ਪਾੜ ਜ਼ਰੀਏ ਬਾਹਰ ਜਾ ਰਿਹਾ ਪਾਣੀ ਰੋਕ ਦਿੱਤਾ ਗਿਆ ਹੈ ਅਤੇ ਪਾੜ ਨੂੰ ਪੂਰੀ ਤਰ੍ਹਾਂ ਪੂਰਨ ਲਈ ਕੰਮ ਕੀਤਾ ਜਾ ਰਿਹਾ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਜਾਰੀ ਕਾਰਜਾਂ ਦਾ ਜਾਇਜ਼ਾ ਲੈਣ ਮੌਕੇ ਕੀਤਾ। ਮੀਡੀਆ ਨਾਲ ਗੱਲਬਾਤ ਕਰਦਿਆਂ ਉਹਨਾਂ ਨੇ ਦੱਸਿਆ ਕਿ ਸਵੇਰੇ ਜਦੋਂ ਉਹਨਾਂ ਨੂੰ ਨਹਿਰ ਵਿੱਚ ਪਾੜ ਪੈਣ ਦੀ ਸੂਚਨਾ ਮਿਲੀ ਤਾਂ ਉਹਨਾਂ ਨੇ ਫੌਰੀ ਇਸ ਨੂੰ ਪੂਰਨ ਦੇ ਕਾਰਜ ਸ਼ੁਰੂ ਕਰਵਾਏ। ਉਹਨਾਂ ਦੱਸਿਆ ਕਿ ਮੁੱਢਲੇ ਤੌਰ ਉੱਤੇ ਡਿੱਗੇ ਹੋਏ ਦਰੱਖਤ ਦੀਆਂ ਜੜ੍ਹਾਂ ਕਾਰਨ ਮਿੱਟੀ ਖਿਸਕਣ ਕਰ ਕੇ ਇਹ ਪਾੜ ਪਿਆ ਹੈ। ਬਾਕੀ ਜਿਸ ਪਾਸੇ ਪਾੜ ਪਿਆ ਹੈ, ਉਸ ਪਾਸੇ ਖਤਾਨ ਹੋਣ ਕਾਰਨ ਚੂਹਿਆਂ ਦੀਆਂ ਖੁੱਡਾਂ ਵੀ ਇਸ ਪਾੜ ਦਾ ਕਾਰਨ ਹੋ ਸਕਦੀਆਂ ਹਨ। ਕੈਬਨਿਟ ਮੰਤਰੀ ਨੇ ਦੱਸਿਆ ਕਿ ਇੱਥੇ ਸਬੰਧਤ ਵਿਭਾਗਾਂ ਸਮੇਤ ਵੱਡੀ ਗਿਣਤੀ ਪਿੰਡ ਵਾਸੀਆਂ ਵੱਲੋਂ ਵੀ ਪਾੜ ਪੂਰਨ ਦੇ ਕੰਮ ਵਿੱਚ ਸਹਿਯੋਗ ਦਿੱਤਾ ਜਾ ਰਿਹਾ, ਜਿਨ੍ਹਾਂ ਦੇ ਉਹ ਧੰਨਵਾਦੀ ਹਨ। ਪਾੜ ਪੂਰਨ ਦੇ ਕੰਮ ਵਿੱਚ ਲੱਗੇ ਲੋਕਾਂ ਲਈ ਮੈਡੀਕਲ ਸੇਵਾ, ਪਾਣੀ ਅਤੇ ਖਾਣੇ ਦੇ ਢੁਕਵੇਂ ਪ੍ਰਬੰਧ ਕੀਤੇ ਗਏ ਹਨ। ਰੇਤੇ ਤੇ ਮਿੱਟੀ ਦੀਆਂ ਬੋਰੀਆਂ ਭਰ ਕੇ ਪਾੜ ਪੂਰਨ ਦਾ ਕੰਮ ਜਾਰੀ ਹੈ। ਉਹ ਖੁਦ ਤੇ ਵੱਖ-ਵੱਖ ਅਧਿਕਾਰੀ ਮੌਕੇ ਉੱਤੇ ਮੌਜੂਦ ਰਹਿ ਕੇ ਕਾਰਜ ਕਰਵਾ ਰਹੇ ਹਨ ਤੇ ਬਹੁਤ ਜਲਦ ਇਹ ਪਾੜ ਪੂਰੀ ਤਰ੍ਹਾਂ ਪੂਰ ਦਿੱਤਾ ਜਾਵੇਗਾ। ਇਸ ਮੌਕੇ ਮੀਡੀਆ ਵੱਲੋਂ ਭੱਠੇ ਵਾਲਿਆਂ ਵੱਲੋਂ ਪੰਜਾਬ ਭਰ ਵਿੱਚ ਹੜਤਾਲ ਕਰਨ ਦੇ ਕੀਤੇ ਐਲਾਨ ਬਾਬਤ ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਭੱਠੇ ਵਾਲਿਆਂ ਦੀਆਂ ਸਾਰੀਆਂ ਮੁਸ਼ਕਲਾਂ ਦੇ ਹੱਲ ਲਈ ਵਚਨਬੱਧ ਹੈ ਤੇ ਜਿਹੜੀਆਂ ਮੰਗਾਂ ਕੇਂਦਰ ਨਾਲ ਸਬੰਧਤ ਹਨ, ਉਹਨਾਂ ਬਾਬਤ ਵੀ ਪੰਜਾਬ ਸਰਕਾਰ ਹਰ ਸੰਭਵ ਕਦਮ ਚੁੱਕਣ ਲਈ ਤਿਆਰ ਹੈ। ਇਸ ਮੌਕੇ ਪੀ.ਏ.ਰਾਕੇਸ਼ ਕੁਮਾਰ ਗੁਪਤਾ, ਐਸ.ਈ. ਸੁਖਜੀਤ ਸਿੰਘ ਭੁੱਲਰ, ਐਕਸੀਅਨ ਗਗਨਦੀਪ ਕੌਰ, ਐੱਸ.ਡੀ.ਓ. ਆਰਿਅਨ ਅਨੇਜਾ, ਡੀ.ਐੱਸ. ਪੀ. ਦੀਪਇੰਦਰ ਪਾਲ ਸਿੰਘ ਜੇਜੀ ਸਮੇਤ ਵੱਖੋ-ਵੱਖ ਵਿਭਾਗਾਂ ਦੇ ਅਧਿਕਾਰੀਆਂ ਸਮੇਤ ਵੱਡੀ ਗਿਣਤੀ ਪਿੰਡ ਵਾਸੀ ਹਾਜ਼ਰ ਸਨ।

## ਨਹਿਰਾਂ, ਸੂਇਆਂ ਤੇ ਸੜਕਾਂ ਦੇ ਨਾਲ ਲਗਦੀਆਂ ਜ਼ਮੀਨਾਂ ਨੂੰ ਆਪਣੀ ਜ਼ਮੀਨ 'ਚ ਮਿਲਾਉਣ 'ਤੇ ਪਾਬੰਦੀ

### ਨਹਿਰਾਂ ਤੇ ਸੂਇਆਂ ਵਿੱਚੋਂ ਮਿੱਟੀ ਦੀ ਨਜਾਇਜ਼ ਖੁਦਾਈ ਕਰਨ 'ਤੇ ਵੀ ਮੁਕੰਮਲ ਪਾਬੰਦੀ ਦੇ ਹੁਕਮ ਜਾਰੀ



**ਸੰਗਰੂਰ ( ਰਣਜੀਤ ਸਿੰਘ ਪੇਧਨੀ )**-ਵਧੀਕ ਜ਼ਿਲ੍ਹਾ ਮੈਜਿਸਟਰੇਟ, ਸੰਗਰੂਰ, ਅਮਿਤ ਬੈਂਬੀ ਵੱਲੋਂ ਭਾਰਤੀ ਨਾਗਰਿਕ ਸੁਰੱਖਿਆ ਸਹਿੰਤਾ (ਬੀ.ਐਨ.ਐਸ.ਐਸ.), 2023 ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਸੰਗਰੂਰ ਦੇ ਖੇਤਰ ਵਿੱਚ ਪੈਂਦੇ ਪਿੰਡਾਂ ਦੀਆਂ ਲਿੰਕ ਸੜਕਾਂ ਅਤੇ ਨਹਿਰਾਂ, ਸੂਇਆਂ ਅਤੇ ਘੱਗਰ ਦਰਿਆ ਦੇ ਨਾਲ ਲਗਦੀਆਂ ਜ਼ਮੀਨਾਂ ਦੇ ਮਾਲਕਾਂ ਵੱਲੋਂ ਨਹਿਰਾਂ, ਸੂਇਆਂ ਅਤੇ ਸੜਕਾਂ ਦੇ ਨਾਲ ਲਗਦੀ ਜ਼ਮੀਨ ਨੂੰ ਆਪਣੀ ਜ਼ਮੀਨ ਵਿੱਚ ਮਿਲਾਉਣ ਅਤੇ ਨਹਿਰਾਂ ਤੇ ਸੂਇਆਂ ਵਿੱਚੋਂ ਵੀ ਮਿੱਟੀ ਦੀ ਨਜਾਇਜ਼ ਖੁਦਾਈ ਕਰਨ 'ਤੇ ਮੁਕੰਮਲ ਪਾਬੰਦੀ ਸਬੰਧੀ ਹੁਕਮ ਜਾਰੀ ਕੀਤੇ ਹਨ।

ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਜ਼ਿਲ੍ਹਾ ਸੰਗਰੂਰ ਵਿੱਚ ਪਿੰਡਾਂ ਦੀਆਂ ਲਿੰਕ ਸੜਕਾਂ ਅਤੇ ਨਹਿਰਾਂ, ਸੂਇਆਂ, ਘੱਗਰ ਦਰਿਆ ਦੇ ਨਾਲ ਲਗਦੀਆਂ ਜ਼ਮੀਨਾਂ ਦੇ ਮਾਲਕ ਜ਼ਮੀਨਾਂ ਨੂੰ ਕੱਟ ਕੇ ਆਪਣੀ ਜ਼ਮੀਨ ਨਾਲ ਮਿਲਾਉਂਦੇ ਹਨ, ਇਸ ਤੋਂ ਇਲਾਵਾ ਕਈ ਵਾਰ ਨਹਿਰਾਂ, ਸੂਇਆਂ ਵਿੱਚੋਂ ਨਜਾਇਜ਼ ਮਿੱਟੀ ਦੀ ਖੁਦਾਈ ਵੀ ਕਰਦੇ ਹਨ, ਜਿਸ ਦੇ ਸਿੱਟੇ ਵਜੋਂ ਨਹਿਰਾਂ, ਸੂਇਆਂ ਦੇ ਬਰਮ ਕੱਟੇ ਹੋਣ ਕਰਕੇ ਇਕੋ ਸਮੇਂ ਦੋ ਗੱਡੀਆਂ ਦਾ ਲੰਘਣਾ ਮੁਸ਼ਕਿਲ ਹੋ ਜਾਂਦਾ ਹੈ ਅਤੇ ਕਈ ਵਾਰ ਆਉਂਦੇ ਜਾਂਦੇ ਲੋਕਾਂ ਅਤੇ ਵਾਹਨ ਚਾਲਕਾਂ ਨੂੰ ਦੁਰਘਟਨਾਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਮਨੁੱਖੀ ਜਾਨਾਂ ਨੂੰ ਖਤਰਾ ਪੈਦਾ ਹੋ ਜਾਂਦਾ ਹੈ।

ਇਸ ਲਈ ਮਨੁੱਖੀ ਜਾਨਾਂ ਨੂੰ ਖਤਰੇ ਤੋਂ ਬਚਾਉਣ ਲਈ ਇਹ ਜ਼ਰੂਰੀ ਹੋ ਗਿਆ ਹੈ ਕਿ ਪਿੰਡਾਂ ਦੀਆਂ ਲਿੰਕ ਸੜਕਾਂ ਅਤੇ ਨਹਿਰਾਂ ਤੇ ਸੂਇਆਂ ਦੇ ਨਾਲ ਲਗਦੀਆਂ ਜ਼ਮੀਨਾਂ ਦੇ ਮਾਲਕ ਨਹਿਰਾਂ, ਸੂਇਆਂ ਅਤੇ ਸੜਕਾਂ ਦੇ ਨਾਲ ਲਗਦੀ ਜ਼ਮੀਨ ਨੂੰ ਕੱਟ ਕੇ ਆਪਣੀ ਜ਼ਮੀਨ ਨਾਲ ਮਿਲਾਉਣ ਅਤੇ ਨਹਿਰਾਂ ਵਿੱਚੋਂ ਨਜਾਇਜ਼ ਮਿੱਟੀ ਦੀ ਖੁਦਾਈ ਕਰਨ ਤੋਂ ਰੋਕਿਆ ਜਾਵੇ।

ਇਹ ਹੁਕਮ 28 ਅਗਸਤ 2025 ਤੱਕ ਲਾਗੂ ਰਹਿਣਗੇ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਭਾਈ ਗਗਨਦੀਪ ਸਿੰਘ ਗਗਨ ਦਾ ਛੋਟੀ ਉਮਰ 'ਚ

# ਸੰਸਾਰ ਨੂੰ ਛੱਡ ਜਾਣ ਤੇ ਝੰਡ ਪ੍ਰੀਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ



**ਜੰਡਿਆਲਾ ਗੁਰੂ, 29 ਜੂਨ ( ਕੁਲਵੰਤ ਸਿੰਘ ਵਿਰਦੀ )**-ਬਲਾਕ ਜੰਡਿਆਲਾ ਗੁਰੂ ਦੇ ਅਧੀਨ ਆਉਂਦੇ ਪਿੰਡ ਤਾਰਾਗੜ੍ਹ ਦੇ ਰਹਿਣ ਵਾਲੇ ਸ੍ਰ ਦਵਿੰਦਰ ਸਿੰਘ ਝੰਡ ਦਾ ਬੇਟਾ, ਮਨਜੀਤ ਕੌਰ ਮਾਂ ਦੀਆ ਅੱਖਾਂ ਦਾ ਤਾਰਾ, ਪਰਮਜੀਤ ਸਿੰਘ ਝੰਡ ਮੋਟਰਾਂਵਾਲੇ ਦਾ ਭਤੀਜਾ, ਅਰਜਨ ਸਿੰਘ ਝੰਡ ਦਾ ਭਤੀਜਾ, ਹਰਮਨਪ੍ਰੀਤ ਸਿੰਘ ਭਰਾਤਾ , ਨਵਦੀਪ ਸਿੰਘ ਝੰਡ ਦਾ ਭਰਾਤਾ , ਪਤਨੀ ਸਰਬਜੀਤ ਕੌਰ ਤੇ

ਛੇ ਸੱਤ ਸਾਲ ਦੀ ਮਾਸੂਮ ਬੇਟੀ ਆਦਿ ਪ੍ਰੀਵਾਰ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ ਜਦੋਂ ਭਾਈ ਗਗਨਦੀਪ ਸਿੰਘ ਝੰਡ ਛੋਟੀ ਉਮਰ ਚ ਬੀਤੇ ਦਿਨ 20 ਜੂਨ ਨੂੰ ਸੰਖੇਪ ਬਿਮਾਰੀ ਕਾਰਨ ਆਕਾਲ ਪੁਰਖ ਵੱਲੋਂ ਮਿਲੀ ਸਵਾਸਾਂ ਦੀ ਪੂੰਜੀ ਨੂੰ ਭੋਗਦਿਆਂ ਹੋਇਆ ਇਸ ਫਾਨੀ ਸੰਸਾਰ ਨੂੰ ਸਦਾ ਲਈ ਅਲਵਿਦਾ ਆਖ ਕਿ ਆਕਾਲ ਪੁਰਖ ਦੇ ਚਰਨਾਂ ਵਿੱਚ ਜਾ ਬਿਰਾਜੇ ਸਨ ਅੱਜ 29 ਜੂਨ ਦਿਨ ਐਤਵਾਰ ਨੂੰ ਭਾਈ ਗਗਨਦੀਪ ਸਿੰਘ ਦੀ ਆਤਮਿਕ ਸਾਂਤੀ ਲਈ ਤਿੰਨ ਰੋਜ ਤੋਂ ਆਰੰਭ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਉਨਾਂ ਦੇ ਗ੍ਰਹਿ ਵਿਖੇ ਪਾਏ ਗਏ ਅਤੇ ਭੋਗ ਤੋਂ ਉਪਰੰਤ ਪਿੰਡ ਵਿੱਚ ਸਥਿਤ ਗੁਰਦੁਆਰਾ ਸਿੰਘ ਸਭਾ ਵਿਖੇ ਸਰਧਾਂਜਲੀ ਸਮਾਰੋਹ ਅਤੇ ਅੰਤਿਮ ਅਰਦਾਸ ਕੀਤੀ ਗਈ ਇਸ ਮੌਕੇ ਸੁਲਤਾਨਪੁਰ ਲੋਧੀ ਤੋਂ ਪਹੁੰਚੇ ਹਜੂਰੀ ਰਾਗੀ ਸਿੰਘ ਜਥੇ ਵੱਲੋਂ ਵੈਰਾਗਮਈ ਕੀਰਤਨ ਰਾਹੀਂ ਸੰਗਤਾਂ ਨੂੰ ਗੁਰਬਾਣੀ ਸਰਵਨ ਕਰਨ ਲਈ ਅਤੇ ਪ੍ਰਮਾਤਮਾ ਦੇ ਭਾਣੇ ਵਿੱਚ ਰਹਿਣ ਲਈ ਬੇਨਤੀ ਕੀਤੀ ! ਕੀਰਤਨ ਦੀ ਸਮਾਪਤੀ ਤੋਂ ਉਪਰੰਤ ਗੁਰੂ ਘਰ ਦੇ ਗ੍ਰੰਥੀ ਸਿੰਘ ਭਾਈ ਸੁੱਖਾ ਸਿੰਘ ਜੀ ਵੱਲੋਂ ਗੁਰੂ ਸਾਹਿਬ ਜੀ ਦੇ ਚਰਨਾਂ ਵਿੱਚ ਵਿਛੜੀ ਰੂਹ ਦੇ ਪ੍ਰਥਾਏ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਬੇਨਤੀ ਕੀਤੀ ਗਈ ! ਗਗਨਦੀਪ ਸਿੰਘ ਝੰਡ ਗੁਰੂ ਵਾਲੇ ਅੰਮ੍ਰਿਤਧਾਰੀ ਸਿੰਘ ਮਿਠਬੋਲੜੇ , ਮਿਲਵਰਤਣ ਵਾਲੇ ਅਤੇ ਸੁਚੱਜੇ ਸੁਭਾਅ ਦੇ ਮਾਲਕ ਸਨ ਗਗਨਦੀਪ ਸਿੰਘ ਗੁਰੂ ਸਾਹਿਬ ਜੀ ਦੇ ਗੁਰਪੁਰਬਾਂ ਮੌਕੇ ਨਗਰ ਵਿੱਚ ਸਜਾਏ ਜਾਂਦੇ ਨਗਰ ਕੀਰਤਨ ਵਿੱਚ ਪੰਜਾਂ ਪਿਆਰਿਆਂ ਸਾਹਿਬਾਨਾਂ ਦੀ ਹਾਜ਼ਰੀ ਸਿਰ ਮੱਥੇ ਪ੍ਰਵਾਨ ਕਰਦੇ ਸਨ ਅਤੇ ਪੰਜਾਂ ਪਿਆਰਿਆ ਨਾਲ ਸੇਵਾ ਨਿਭਾ ਕਿ ਖੁਸ਼ੀ ਪ੍ਰਗਟ ਕਰਦੇ ਸਨ ਗਗਨਦੀਪ ਸਿੰਘ ਦੀ ਮੌਤ ਨਾਲ ਪ੍ਰੀਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ ਪ੍ਰਮਾਤਮਾ ਪ੍ਰੀਵਾਰ ਨੂੰ ਭਾਣਾ ਮੰਨਣ ਦਾ ਬਲ ਬਖਸਣ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸਣ ! ਇਸ ਮੌਕੇ ਗਗਨਦੀਪ ਸਿੰਘ ਦੇ ਸਰਧਾਂਜਲੀ ਸਮਾਰੋਹ ਚ ਨਮ ਅੱਖਾਂ ਨਾਲ ਪਹੁੰਚੇ ਸਾਕ ਸੰਬੰਧੀਆਂ ਪਿੰਡ ਵਾਸੀਆਂ ਵੱਲੋਂ ਐਡਵੋਕੇਟ ਬਿਕਰਮਜੀਤ ਸਿੰਘ ਝੰਡ, ਭਾਈ ਗੁਰਦੇਵ ਸਿੰਘ ਝੰਡ ਸਾਬਕਾ ਪੰਚਾਇਤ ਮੈਂਬਰ, ਮਨਜਿੰਦਰ ਸਿੰਘ, ਕੰਵਰਜੀਤ ਸਿੰਘ ਝੰਡ , ਜਪਿੰਦਰ ਸਿੰਘ , ਰਣਜੀਤ ਸਿੰਘ ਰਾਣਾ ਝੰਡ , ਸਰਬਜੀਤ ਸਿੰਘ ,ਨਵਜੋਤ ਸਿੰਘ ਲਾਡੀ , ਪ੍ਰਕਾਸ਼ ਸਿੰਘ ਝੰਡ, ਸੁਖਪਾਲ ਸਿੰਘ, ਆਦਿ ਸਮੂਹ ਪ੍ਰੀਵਾਰ ਨਾਲ ਦੁੱਖ ਸਾਂਝਾ ਕੀਤਾ !

ਆਵਾਜ਼ਿ ਕੌਮ AWAZE QAUM International Newspaper & WEB TV

**ਅੰਤਿਮ ਅਰਦਾਸ ਮੌਕੇ ਨਮ ਅੱਖਾਂ ਨਾਲ ਸਾਕ ਸੰਬੰਧੀਆਂ ਸਰਧਾਂਜਲੀ ਭੇਟ ਕੀਤੀ**

### ਧੂਰੀ ਓਵਰਬ੍ਰਿਜ ਦੀ ਮਨਜ਼ੂਰੀ ਮਿਲਣ 'ਤੇ ਚੇਅਰਮੈਨ ਢਿੱਲੋਂ ਅਤੇ

# ਚੇਅਰਮੈਨ ਘੁੱਲੀ ਨੇ ਖੁਸ਼ੀ 'ਚ ਵੰਡੇ ਲੱਡੂ, ਮੁੱਖ ਮੰਤਰੀ ਦਾ ਕੀਤਾ ਧੰਨਵਾਦ



**ਧੂਰੀ ( ਰਣਜੀਤ ਸਿੰਘ ਪੇਧਨੀ)**-ਪਿਛਲੇ ਲੰਮੇ ਸਮੇਂ ਤੋਂ ਲਟਕਦੀ ਆ ਰਹੀ ਮੰਗ ਧੂਰੀ ਸ਼ਹਿਰ ਵਿੱਚ ਲੈਵਲ ਕਰਾਸਿੰਗ 62ਏ 'ਤੇ ਰੇਲਵੇ ਓਵਰਬ੍ਰਿਜ ਦੀ ਮਨਜ਼ੂਰੀ ਮਿਲਣ ਉਤੇ ਸ਼ਹਿਰ ਵਿੱਚ ਖ਼ੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ । ਇਸ ਮੌਕੇ ਮੁੱਖ ਮੰਤਰੀ ਦਫ਼ਤਰ ਧੂਰੀ ਦੇ ਇੰਚਾਰਜ ਦਲਬੀਰ ਸਿੰਘ ਢਿੱਲੋਂ ਅਤੇ ਰਾਜਵੰਤ ਸਿੰਘ ਘੁੱਲੀ ਇੰਚਾਰਜ ਮੁੱਖ ਮੰਤਰੀ ਕੈਂਪਸ, ਚੇਅਰਮੈਨ ਮਾਰਕੀਟ ਕਮੇਟੀ ਧੂਰੀ ਨੇ ਲੱਡੂ ਵੰਡ ਕੇ ਲੋਕਾਂ ਨੂੰ ਮੁਬਾਰਕਬਾਦ ਦਿੱਤੀ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਾ ਧੰਨਵਾਦ ਕੀਤਾ ਜਿਨ੍ਹਾਂ ਦੇ ਉਦਮ ਸਦਕਾ ਸਹਿਰ ਨਿਵਾਸੀਆਂ ਦੀ ਮੰਗ ਨੂੰ ਬੂਰ ਪਿਆ। ਇਸ ਮੌਕੇ ਟਰੱਕ ਯੂਨੀਅਨ ਦੇ ਮੁੱਖ ਸੇਵਾਦਾਰ ਗਗਨ ਜਵੰਧਾ, ਨਸਾ ਮੁਕਤੀ ਯਾਤਰਾ ਦੇ ਕੋਆਰਡੀਨੇਟਰ ਰਛਪਾਲ ਸਿੰਘ ਭੁੱਲਰ, ਸਿੱਖਿਆ ਕ੍ਰਾਂਤੀ ਮੁਹਿੰਮ ਦੇ ਕੋਆਰਡੀਨੇਟਰ ਦਰਸਨ ਸਿੰਘ ਪਾਠਕ, ਬਲਾਕ ਪ੍ਰਧਾਨ ਜਸਵਿੰਦਰ ਸਿੰਘ, ਮਿਉਂਸਪਲ ਕਮੇਟੀ ਦੇ ਪ੍ਰਧਾਨ ਸੰਦੀਪ ਤਾਇਲ ਪੱਪੂ ,ਸਰਪੰਚ ਅਮਨਦੀਪ ਸਿੰਘ, ਸਾਬਕਾ ਸਰਪੰਚ ਸੁਖਦੀਪ ਸਿੰਘ ਚੀਮਾ, ਪੁਸਪਿੰਦਰ ਸੋਮਾ ਐਮ,ਸੀ, ਸਰਪੰਚ ਗੋਗਾ ਦੁਗਨੀ, ਜਿਉਣ ਸਿੰਘ ਐਮ,ਸੀ,ਮਨਪ੍ਰੀਤ ਸਿੰਘ ਸਲੇਮਪੁਰ, ਗਿੰਨੀ ਸਲੇਮਪੁਰ ਜਗਤਾਰ ਸਿੰਘ ਬਾਗੜੀ, ਭਿੰਦਾ ਵਿਰਕ, ਮਾਣਾ ਗਰੇਵਾਲ, ਕੁਲਦੀਪ ਸਿੰਘ ਬੁੱਟਰ, ਅਮਰਜੋਤ ਕੌਰ ਐਮ,ਸੀ, ਹਰਦੀਪ ਸਿੰਘ, ਨਵਜੋਤ ਕੌਰ, ਗੁਰਪਰੀਤ ਸਿੰਘ ਦੋਹਲਾ, ਬੱਬੂ ਧੂਰੀ, ਸੰਭੂ ਧੂਰੀ, ਅਰਸ ਧੂਰੀ,ਜੱਜ ਧੂਰੀ, ਨੰਬਰਦਾਰ ਰਜਿੰਦਰ ਸਿੰਘ ਪੇਧਨੀ, ਨੰਬਰਦਾਰ ਹਰਭਜਨ ਸਿੰਘ, ਸਰਪੰਚ ਜਸਵੀਰ ਦਾਸ ਢਢੋਗਲ, ਸਰਪੰਚ ਸਿਮਰਨਜੀਤ ਸਿੰਘ ਕਾਲਾ ਬਟੂਹਾ, ਸਰਪੰਚ ਸੁਖਚੈਨ ਸਿੰਘ ਮੂਲੋਂਵਾਲ, ਸਰਪੰਚ ਗੁਰਜੰਟ ਸਿੰਘ ਭੜੀਮਾਨਸਾ, ਸਰਪੰਚ ਜੱਗਾ ਭੋਜੋਵਾਲੀ, ਸਰਪੰਚ ਲਾਲੀ ਬੰਗਾਵਾਲੀ, ਸਰਪੰਚ , ਜਸਵਿੰਦਰ ਸਿੰਘ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਸਲਾਨਾ ਜੋੜ ਮੇਲਾ ਅਤੇ ਗੱਤਕਾ ਪ੍ਰਦਰਸ਼ਨ 1/2/3 ਜੁਲਾਈ ਨੂੰ ਪਿੰਡ ਰਟੋਲ ਜ਼ਿਲ੍ਹਾ ਤਰਨਤਾਰਨ ਵਿਖੇ ਬਹੁਤ ਹੀ ਸ਼ਰਧਾ ਭਾਵਨਾਵਾਂ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹੈ ਹੈ : ਬਾਬਾ ਗੁਰਦਿੱਤ ਸਿੰਘ ਰਟੋਲ



**ਜੰਡਿਆਲਾ ਗੁਰੂ 29 ਜੂਨ ( ਕੁਲਵੰਤ ਸਿੰਘ ਵਿਰਦੀ )**-ਹਰ ਸਾਲ ਦੀ ਤਰ੍ਹਾਂ ਸਲਾਨਾ ਜੋੜ ਮੇਲਾ ਅਤੇ ਗੱਤਕਾ ਪ੍ਰਦਰਸ਼ਨ ਭਾਈ ਮਹਾਂ ਸਿੰਘ ਜੀ ਦੇ ਜਨਮ ਅਸਥਾਨ ਪਿੰਡ ਰਟੋਲ ਜ਼ਿਲ੍ਹਾ ਤਰਨਤਾਰਨ ਵਿਖੇ ਬਹੁਤ ਸ਼ਰਧਾ ਭਾਵਨਾਵਾਂ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ ਜਿਸ ਵਿੱਚ ਵਿਸ਼ੇਸ਼ ਤੌਰ ਦਸਮੇਸ਼ ਤਰਨਦਲ ਦੇ ਮੁੱਖੀ ਸਿੰਘ ਸਾਹਿਬ ਜਥੇਦਾਰ ਬਾਬਾ ਮੇਜਰ ਸਿੰਘ ਸੋਢੀ ਤੇ ਸ਼ਹੀਦ ਬਾਬਾ ਜੀਵਨ ਸਿੰਘ ਤਰਨਦਲ ਦੇ ਮੁੱਖੀ ਜਥੇਦਾਰ ਬਾਬਾ ਬਲਦੇਵ ਸਿੰਘ ਵੱਲਾ, ਜਥੇਦਾਰ ਬਾਬਾ ਸੁਖਪਾਲ ਸਿੰਘ ਫੂਲ ਬਠਿੰਡਾ ਮਾਲਵਾ ਤਰਨਾ ਦਲ ਸ਼ਹੀਦ ਬਾਬਾ ਸੰਗਤ ਸਿੰਘ ਜੀ, ਜਥੇਦਾਰ ਬਾਬਾ ਬਲਦੇਵ ਸਿੰਘ ਮੁਸਤਫ਼ਾ ਪੁਰ ਗੁਰਦਾਸਪੁਰ ਆਦਿ ਤੋਂ ਇਲਾਵਾ ਸੈਂਕੜੇ ਜਥੇਦਾਰ ਸਾਹਿਬਾਨ ਤੇ ਅਕਾਲ ਪੁਰਖ ਦੀਆਂ ਲਾਡਲੀਆਂ ਨਿਹੰਗ ਸਿੰਘ ਫ਼ੌਜਾਂ ਪਹੁੰਚ ਰਹੀਆਂ ਹਨ, ਇਸ ਗੁਰਮਤਿ ਸਮਾਗਮ ਸਲਾਨਾ ਜੋੜ ਮੇਲੇ ਵਿੱਚ ਹਜ਼ਾਰਾਂ ਧਾਰਮਿਕ ਸਿਆਸੀ ਸਮਾਜਿਕ ਤੇ ਸਮਾਜ ਭਲਾਈ ਕਾਰਜਾਂ ਦੇ ਆਗੂ ਪਹੁੰਚ ਰਹੇ ਹਨ, ਇਸ ਮੌਕੇ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ, ਧਾਰਮਿਕ ਦੀਵਾਨ ਸਜਾਏ ਜਾਣਗੇ, ਅਤੇ ਗੱਤਕਾ ਦਾ ਪ੍ਰਦਰਸ਼ਨ ਕੀਤਾ ਜਾਵੇਗਾ, ਗੁਰੂ ਕੇ ਲੰਗਰ ਦੇਗਾਂ ਸਰਦਾਈਆ ਅਤੁੱਟ ਵਰਤਾਏ ਜਾਣਗੇ, ਇਸ ਸਬੰਧੀ ਪ੍ਰੈਸ ਨੂੰ ਮੁਕੰਮਲ ਜਾਣਕਾਰੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਦੇ ਕੌਮੀ ਪ੍ਰਧਾਨ ਭਾਈ ਵਿਰਸਾ ਸਿੰਘ ਖਾਲਸਾ ਨੇ ਸ਼ਹੀਦ ਭਾਈ ਮਹਾਂ ਸਿੰਘ ਜੀ ਦੇ ਜਨਮ ਅਸਥਾਨ ਦੇ ਗੱਤਕਾ ਮਾਸਟਰ ਬਾਬਾ ਗੁਰਦਿੱਤ ਸਿੰਘ ਜੀ ਰਟੋਲ ਅਕਾਲੀ ਨਾਲ ਸਮਾਗਮ ਸਬੰਧੀ ਜਾਣਕਾਰੀ ਹਾਸਲ ਕਰਨ ਤੋਂ ਉਪਰੰਤ ਇੱਕ ਲਿਖਤੀ ਪ੍ਰੈਸ ਬਿਆਨ ਰਾਹੀਂ ਦਿੱਤੀ, ਉਹਨਾਂ ਭਾਈ ਖਾਲਸਾ ਨੇ ਦੱਸਿਆ ਇਸ ਸਬੰਧੀ 1 ਜੁਲਾਈ ਨੂੰ ਪਿੰਡ ਰਟੋਲ ਤਰਨਤਾਰਨ ਵਿਖੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ ਅਤੇ ਮੱਧ ਦੀ ਅਰਦਾਸ 2 ਜੁਲਾਈ ਨੂੰ ਕੀਤੀ ਜਾਵੇਗੀ ਜਦੋਂ ਕਿ ਰੱਖੇ ਅਖੰਡ ਪਾਠ ਸਾਹਿਬ ਜੀ ਦੇ ਸੰਪੂਰਨ ਭੋਗ 3 ਜੁਲਾਈ ਨੂੰ ਪਾਉਣ ਤੋਂ ਉਪਰੰਤ ਧਾਰਮਿਕ ਦੀਵਾਨ ਸਜਾਏ ਜਾਣਗੇ, ਦੀਵਾਨ ਸਮਾਪਤੀ ਤੋਂ ਉਪਰੰਤ ਸ਼ਾਮ ਨੂੰ ਨਿਹੰਗ ਸਿੰਘ ਫ਼ੌਜਾਂ ਵੱਲੋਂ ਗੱਤਕਾ ਪ੍ਰਦਰਸ਼ਨ ਕਰਕੇ ਆਈ ਸੰਗਤ ਨੂੰ ਸਿੱਖੀ ਦੇ ਸੁਨਹਿਰੀ ਪੁਰਾਤਨ ਵਿਰਸੇ ਇਤਿਹਾਸ ਨਾਲ ਜੋੜਨ ਲਈ ਜੰਗੀ ਪੱਧਰ ਤੇ ਉਪਰਾਲੇ ਕੀਤੇ ਜਾਣਗੇ, ਗੁਰੂ ਕੇ ਲੰਗਰ ਦੇਗਾਂ ਸਰਦਾਈਆ ਅਤੁੱਟ ਵਰਤਾਏ ਜਾਣਗੇ, ਸਮੂਹ ਪ੍ਰਬੰਧਕਾਂ ਵੱਲੋਂ ਸੰਗਤਾਂ ਨੂੰ ਇਸ ਧਾਰਮਿਕ ਸਮਾਗਮ ਵਿੱਚ ਆਪਣੇ ਆਪਣੇ ਪ੍ਰਵਾਰਾਂ ਤੇ ਦੋਸਤਾਂ ਮਿੱਤਰਾਂ ਰਿਸ਼ਤੇ ਦਾਰਾ ਸਮੇਤ ਹਾਜਰ ਹੋਣ ਲਈ ਖੁੱਲ੍ਹਾ ਸੱਦਾ ਪੱਤਰ ਦਿੱਤਾ ਜਾਂਦਾ ਹੈ।

# ਅੰਮ੍ਰਿਤਸਰ ਤੋਂ ਵਿਧਾਇਕ ਦਾ ਪਾਰਟੀ ਨੀਤੀ ਵਿਰੁੱਧ ਬੋਲਣ ਦੇ ਮਾਹਰ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਪੰਜ ਸਾਲ ਲਈ ਮੁਅੱਤਲ ਕਰਨਾ ਡਰੱਗ ਮਾਮਲੇ'ਚ ਨੀਤੀ ਵਿਰੁੱਧ ਬੋਲਣ ਵਾਲਿਆਂ ਨੂੰ ਵੱਡੀ ਤਾੜਨਾ : ਭਾਈ ਵਿਰਸਾ ਸਿੰਘ ਖਾਲਸਾ

**ਜੰਡਿਆਲਾ ਗੁਰੂ, 29 ਜੂਨ ( ਕੁਲਵੰਤ ਸਿੰਘ ਵਿਰਦੀ )**-ਪੰਜਾਬ ਦੀ ਆਪ ਸਰਕਾਰ ਦੇ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਦੀ ਸਿਆਸੀ ਮਾਮਲਿਆਂ ਦੀ ਕਮੇਟੀ ਵੱਲੋਂ ਆਪਣੇ ਹੀ ਵਧਾਇਕ ਨੂੰ ਪਾਰਟੀ ਨੀਤੀ ਵਿਰੁੱਧ ਬੋਲਣ ਦੀ ਸਖ਼ਤ ਸਜ਼ਾ ਦਿੰਦਿਆਂ ਪੰਜ ਸਾਲ ਲਈ ਪਾਰਟੀ ਤੋਂ ਮੁਅੱਤਲ ਕਰਕੇ ਹੋਰਨਾਂ ਨੂੰ ਡਰੱਗ ਮਾਮਲੇ 'ਚ ਪਾਰਟੀ ਨੀਤੀ ਦੀ ਵਿਰੋਧਤਾ ਕਰਨ ਵਾਲਿਆਂ ਹੋਰਾਂ ਨੂੰ ਖ਼ਬਰਦਾਰ ਕੀਤਾ ਹੈ, ਇਸ ਕਰਕੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਜਿਥੇ ਪੰਜਾਬ



ਸਰਕਾਰ ਵੱਲੋਂ ਆਪਣੇ ਹੀ ਵਧਾਇਕ ਨੂੰ ਪਾਰਟੀ ਨੀਤੀ ਵਿਰੁੱਧ ਬੋਲਣ ਲਈ ਪੰਜ ਸਾਲ ਪਾਰਟੀ 'ਚ ਕੱਢਣ ਦੀ ਜ਼ੋਰਦਾਰ ਸ਼ਬਦਾਂ'ਚ ਹਮਾਇਤ ਕਰਦੀ ਹੋਈ ਇਸ ਨੂੰ ਲੋਕਾਂ ਤੇ ਸਮੇਂ ਦੀ ਲੋੜ ਵਾਲਾ ਸ਼ਲਾਘਾਯੋਗ ਫ਼ੈਸਲਾ ਮੰਨਦੀ ਹੈ ਕਿਉਂਕਿ ਭਗਵੰਤ ਮਾਨ ਸਰਕਾਰ ਨੇ ਪੰਜਾਬ ਵਿਚੋਂ ਨਸ਼ਿਆਂ ਦੇ ਕੋਹੜ ਨੂੰ ਖਤਮ ਕਰਨ ਲਈ ਯੁੱਧ ਨਸ਼ਿਆਂ ਵਿਰੁੱਧ ਵਿੱਢੀਆਂ ਹੋਇਆਂ ਹੈ ਅਤੇ ਸਪੱਸ਼ਟ ਕੀਤਾ ਹੋਇਆ ਹੈ ਕਿ ਨਸ਼ਿਆਂ'ਚ ਇਨਵਾਲਵ ਕਿਸੇ ਵੀ ਵੱਡੇ ਤੋਂ ਵੱਡੇ ਸਰਕਾਰੀ ਜਾਂ ਗੈਰ ਸਰਕਾਰੀ ਨੂੰ ਬਖਸ਼ਿਆ ਨਹੀਂ ਜਾਵੇਗਾ ਇਸ ਕਰਕੇ ਜਦੋਂ ਸਰਕਾਰ ਨੇ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਮਾਮਲੇ ਵਿੱਚ ਅਕਾਲੀ ਮੰਤਰੀ ਤੇ ਧਨਾਡ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਗ੍ਰਿਫਤਾਰ ਕੀਤਾ ਤਾਂ ਵਧਾਇਕ ਨੇ ਪਾਰਟੀ ਨੀਤੀ ਦਾ ਸਵਾਗਤ ਕਰਨ ਦੀ ਬਜਾਏ ਬਿਕਰਮ ਸਿੰਘ ਮਜੀਠੀਆ ਨੂੰ ਗਿਰਫ਼ਤਾਰ ਕਰਨ ਤੇ ਸਰਕਾਰ ਵਿਰੋਧੀ ਕਈ ਸਵਾਲ ਖੜ੍ਹੇ ਕੀਤੇ ਸਨ ਜੋਂ ਉਹਨਾਂ ਨੂੰ ਪਾਰਟੀ ਵਿਚ ਰਹਿੰਦਿਆਂ ਨਹੀਂ ਕਰਨੇ ਚਾਹੀਦੇ ਸਨ ? ਕਿਉਂਕਿ ਉਹ ਵੀ ਸਰਕਾਰ 'ਚ ਸ਼ਾਮਲ ਹਨ, ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਦੇ ਕੌਮੀ ਪ੍ਰਧਾਨ ਭਾਈ ਵਿਰਸਾ ਸਿੰਘ ਖਾਲਸਾ ਨੇ ਸਾਬਕਾ ਅਕਾਲੀ ਮੰਤਰੀ ਸ੍ਰ ਬਿਕਰਮ ਸਿੰਘ ਮਜੀਠੀਆ ਦੀ ਗ੍ਰਿਫਤਾਰੀ ਤੋਂ ਬਾਅਦ ਉਸ ਦੇ ਹੱਕ ਤੇ ਪਾਰਟੀ ਨੀਤੀ ਵਿਰੁੱਧ ਬੋਲਣ ਵਾਲੇ ਅੰਮ੍ਰਿਤਸਰ ਤੋਂ ਵਧਾਇਕ ਤੇ ਸਾਬਕਾ ਪੁਲਿਸ ਅਧਿਕਾਰੀ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਪੰਜ ਸਾਲ ਲਈ ਪਾਰਟੀ ਤੋਂ ਮੁਅੱਤਲ ਕਰਨ ਵਾਲੇ ਫੈਸਲੇ ਦਾ ਸਵਾਗਤ ਅਤੇ ਡਰੱਗ ਮਾਮਲੇ'ਚ ਕਿਸੇ ਨੂੰ ਨਾ ਬਖਸ਼ਣ ਦੀ ਮੰਗ ਕਰਦਿਆਂ ਇੱਕ ਲਿਖਤੀ ਪ੍ਰੈਸ ਬਿਆਨ ਰਾਹੀਂ ਕੀਤਾ, ਭਾਈ ਖਾਲਸਾ ਨੇ ਸਪੱਸ਼ਟ ਕੀਤਾ ਵੈਸੇ ਵੀ ਸਥਾਨਕ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਹਮੇਸ਼ਾ ਹੀ ਆਪਣੀ ਸਰਕਾਰ ਦੀ ਨੀਤੀ ਵਿਰੁੱਧ ਬੋਲਦੇ ਰਹਿੰਦੇ ਹਨ ਪਰ ਪਾਰਟੀ ਨੇ ਉਹਨਾਂ ਤੇ ਕੋਈ ਐਕਸ਼ਨ ਨਹੀਂ ਲਿਆ ਪਰ ਡਰੱਗ ਮਾਮਲੇ'ਚ ਫ਼ਸੇ ਬਿਕਰਮ ਸਿੰਘ ਮਜੀਠੀਆ ਨੂੰ ਚੰਗੀ ਤਰ੍ਹਾਂ ਸਬਕ. ਸਿਖਾਉਣ ਸਬੰਧੀ ਸਾਬਕਾ ਪੁਲਿਸ ਅਧਿਕਾਰੀ ਚੱਟੋਪਾਦੀਆ ਦੀ ਇੰਟਰੀ ਤੋਂ ਸਾਬਕ ਈ ਡੀ ਅਧਿਕਾਰੀ ਸ਼੍ਰ ਨਰੰਜਣ ਸਿੰਘ ਦੇ ਵੀ ਬਿਆਨ ਦਰਜ਼ ਕਰਵਾ ਚੁੱਕੀ ਹੈ ਤਾਂ ਅਜਿਹੇ ਹਲਾਤਾਂ ਵਿੱਚ ਸਰਕਾਰ 'ਚ ਰਹਿੰਦਿਆਂ ਕੋਈ ਵਿਧਾਇਕ ਸਰਕਾਰੀ ਨੀਤੀ ਦੇ ਵਿਰੁੱਧ ਬਿਆਨਬਾਜ਼ੀ ਕਰਦਾਂ ਹੈਂ ਤਾਂ ਸਰਕਾਰ ਨੇ ਪੰਜਾਬੀ ਦੀ ਕਹਾਵਤ ਅਨੁਸਾਰ ਮਰਦੀ ਨੇ ਅੱਕ ਚੱਬਿਆ ਵਾਂਗ ਵਧਾਇਕ ਨੂੰ ਪਾਰਟੀ ਤੋਂ ਪੰਜ ਸਾਲ ਲਈ ਮੁਅੱਤਲ ਕਰਨ ਦਾ ਇਤਿਹਾਸਕ ਫੈਸਲਾ ਲੈ ਕੇ ਹੋਰਨਾਂ ਵਿਧਾਇਕਾਂ ਨੂੰ ਚਿਤਾਵਨੀ ਤੇ ਤਾੜਨਾ ਕੀਤੀ ਹੈ ਕਿ ਪਾਰਟੀ ਨੀਤੀ ਵਿਰੁੱਧ ਬੋਲਣ ਵਾਲਿਆਂ ਨੂੰ ਬਖ਼ਿਸ਼ਆ ਨਹੀਂ ਜਾਵੇਗਾ ? ਭਾਈ ਖਾਲਸਾ ਨੇ ਸਾਡੀ ਪਾਰਟੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਜਿਥੇ ਸਰਕਾਰ ਵੱਲੋਂ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਪੰਜ ਸਾਲ ਪਾਰਟੀ ਤੋਂ ਮੁਅੱਤਲ ਕਰਨ ਵਾਲੇ ਫੈਸਲੇ ਦਾ ਸਵਾਗਤ ਕਰਦੀ ਹੈ ਉਥੇ ਸਰਕਾਰ ਤੋਂ ਜ਼ੋਰਦਾਰ ਸ਼ਬਦਾਂ'ਚ ਮੰਗ ਕਰਦੀ ਹੈ ਕਿ ਨਸ਼ਿਆਂ ਦੇ ਕੋਹੜ ਨੂੰ ਪੰਜਾਬ 'ਚ ਕੱਢਣ ਲਈ ਨਸ਼ੇ ਦੇ ਸੁਦਾਗਰ ਚਾਹੇ ਉਹ ਜਿੱਡਾ ਮਰਜ਼ੀ ਵੱਡਾ , ਸਰਕਾਰੀ, ਗੈਰ ਸਰਕਾਰੀ ਹੋਵੇ ਬਿੱਲ ਕੁਲ ਬਖਸ਼ਿਆ ਨਾਂ ਜਾਵੇ ਤਾਂ ਹੀ ਪੰਜਾਬ ਵਿਚੋਂ ਨਸ਼ਿਆਂ ਦੀ ਲਾਹਨਤ ਨੂੰ ਖਤਮ ਕਰਕੇ ਪੰਜਾਬ ਨਸ਼ਾ ਮੁਕਤ ਸੂਬਾ ਬਣਾਇਆ ਜਾ ਸਕਦਾ ਹੈ, ਇਸ ਮੌਕੇ ਭਾਈ ਵਿਰਸਾ ਸਿੰਘ ਖਾਲਸਾ ਪ੍ਰਧਾਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਨਾਲ ਭਾਈ ਅਵਤਾਰ ਸਿੰਘ ਅੰਮ੍ਰਿਤਸਰ ਭਾਈ ਜੋਗਿੰਦਰ ਸਿੰਘ ਅਤੇ ਭਾਈ ਜਗਤਾਰ ਸਿੰਘ ਫਿਰੋਜ਼ਪੁਰ ਭਾਈ ਸਿੰਦਾ ਸਿੰਘ ਨਿਹੰਗ ਤੇ ਪਿਰਥੀ ਸਿੰਘ ਧਾਲੀਵਾਲ ਧਰਮਕੋਟ ਭਾਈ ਮਨਜਿੰਦਰ ਸਿੰਘ ਖਾਲਸਾ ਤੇ ਭਾਈ ਰਛਪਾਲ ਸਿੰਘ ਕਮਾਲਕੇ ਭਾਈ ਦਿਲਬਾਗ ਸਿੰਘ ਬਾਗੀ ਗੁਰਦਾਸਪੁਰ ਭਾਈ ਜਗਜੀਤ ਸਿੰਘ ਸੈਦੇਸਾਹ ਵਾਲਾ ਭਾਈ ਬਲਕਾਰ ਸਿੰਘ ਦਾਰੇਵਾਲ ਭਾਈ ਸੁਖਦੇਵ ਸਿੰਘ ਫ਼ੌਜੀ ਜਗਰਾਉਂ ਭਾਈ ਸੁਰਿੰਦਰ ਸਿੰਘ ਆਦਮਪੁਰ ਜਲੰਧਰ ਭਾਈ ਵਿਕਰਮ ਸਿੰਘ ਪੰਡੋਰੀ ਨਿੱਝਰ ਨੇ ਭਾਈ ਰਵਿੰਦਰ ਸਿੰਘ ਟੁੱਟਕਲਾ ਆਦਿ ਆਗੂ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਸਲਾਨਾ ਬਰਸੀ

# ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਮਨਾਈ

## ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨੇ ਮਹਾਪੁਰਖਾਂ ਦੀ ਜੀਵਨ ਬਾਰੇ ਚਾਨਣਾ ਪਾਇਆ




















**ਚੌਂਕ ਮਹਿਤਾ, 29 ਜੂਨ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਦਮਦਮੀ ਟਕਸਾਲ ਦੇ ਮੌਜੂਦਾ ਮੁੱਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸ੍ਰੀ ਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਅਗਵਾਈ ਹੇਠ ਪੰਥ ਰਤਨ ਵਿਦਿਆ ਮਾਰਤੰਡ ਬ੍ਰਹਮ ਗਿਆਨੀ ਸ੍ਰੀ ਮਾਨ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਅਤੇ ਭਾਈ ਗੁਰਮੁੱਖ ਸਿੰਘ ਉੜੀਸਾ ਦੀ ਸਲਾਨਾ ਬਰਸੀ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਬੜੀ ਸ਼ਰਧਾ ਭਾਵਨਾ ਨਾਲ ਮਨਾਈ ਗਈ। ਸਭ ਤੋਂ ਪਹਿਲਾਂ ਪਵਿੱਤਰ ਪਾਵਨ ਗੁਰਬਾਣੀ ਦੇ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ, ਉਪਰੰਤ ਦਮਦਮੀ ਟਕਸਾਲ ਦੇ ਹਜ਼ੂਰੀ ਰਾਗੀ ਭਾਈ ਗੁਰਲਾਲ ਸਿੰਘ ਅਤੇ ਭਾਈ ਲਵਪ੍ਰੀਤ ਸਿੰਘ ਦੇ ਜੱਥਿਆਂ ਨੇ ਪਵਿੱਤਰ ਪਾਵਨ ਗੁਰਬਾਣੀ ਦੇ ਕੀਰਤਨ ਸੰਗਤਾਂ ਨੂੰ ਸਰਵਨ ਕਰਵਾਏ ਗਏ। ਉਪਰੰਤ ਦਮਦਮੀ ਟਕਸਾਲ ਦੇ ਮੌਜੂਦਾ ਮੁੱਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸ੍ਰੀ ਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਜੀ ਦੀ ਜੀਵਨੀ ਅਤੇ ਪਵਿੱਤਰ ਪਾਵਨ ਗੁਰਬਾਣੀ ਦੀ ਕਥਾ ਸੰਗਤਾਂ ਨੂੰ ਸਰਵਨ ਕਰਵਾਈ ਗਈ। ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਨੇ ਕਿਹਾ ਕਿ ਸਾਨੂੰ ਮਹਾਪੁਰਖਾ ਦੇ ਪਾਏ ਪੂਰਨਿਆਂ ਤੇ ਚੱਲਣਾ ਚਾਹੀਦਾ ਹੈ,ਅਤੇ ਬਾਣੀ ਬਾਣੇ ਦੇ ਧਾਰਨੀ ਹੋਣਾ ਚਾਹੀਦਾ ਹੈ ਖੰਡੇ ਬਾਟੇ ਦਾ ਅੰਮ੍ਰਿ ਛੱਡਕੇ ਗੁਰੂ ਸਾਹਿਬ ਦੀਆਂ ਖੁਸੀਆ ਪ੍ਰਾਪਤ ਕਰਨੀਆ ਚਾਹੀਦੀਆਂ ਹਨ,ਨਸਿਆ ਦਾ ਸੇਵਨ ਨਹੀਂ ਕਰਨਾ ਚਾਹੀਦਾ,ਪਰਮਾਤਮਾ ਦਾ ਸਿਮਰਨ ਕਰਨਾ ਚਾਹੀਦਾ ਹੈ।ਇਸ ਮੌਕੇ ਤੇ ਜਥੇਦਾਰ ਬਾਬਾ ਅਜੀਤ ਸਿੰਘ ਤਰਨਾ ਦਲ ਚੌਂਕ ਮਹਿਤਾ, ਜਥੇਦਾਰ ਭਾਈ ਬੋਹੜ ਸਿੰਘ, ਗਿਆਨੀ ਗੁਰਪ੍ਰੀਤ ਸਿੰਘ ਵੈਦ, ਗਿਆਨੀ ਸਾਹਿਬ ਸਿੰਘ, ਪ੍ਰੋਫੈਸਰ ਗਿਆਨੀ ਜੋਬਨਜੀਤ ਸਿੰਘ, ਭਾਈ ਪ੍ਰਭਜੋਤ ਸਿੰਘ ਬਾਬਾ ਜੀ ਪੀ ਏ, ਭਾਈ ਭਾਗ ਸਿੰਘ, ਭਾਈ ਗੁਰਸੇਵਕ ਸਿੰਘ,ਹੈਡ ਗ੍ਰੰਥੀ ਗਿਆਨੀ ਗੁਰਦੀਪ ਸਿੰਘ, ਭਾਈ ਸਮਸ਼ੇਰ ਸਿੰਘ ਜੇਠੂਵਾਲ, ਕਥਾਵਾਚਕ ਗਿਆਨੀ ਪ੍ਰਗਟ ਸਿੰਘ ਭੀਲੋਵਾਲ, ਪ੍ਰਿੰਸੀਪਲ ਹਰਸ਼ਦੀਪ ਸਿੰਘ, ਡਾ, ਅਵਤਾਰ ਸਿੰਘ ਬੁੱਟਰ, ਸਾਬਕਾ ਚੇਅਰਮੈਨ ਕਸਮੀਰ ਸਿੰਘ ਸਰਪੰਚ, ਡੀ ਐਸ ਪੀ ਕੁਲਵੰਤ ਸਿੰਘ,ਆਦਿ ਸੰਤ, ਮਹਾਪੁਰਖ, ਨਿਹੰਗ ਸਿੰਘ , ਸਮਾਜ ਸੇਵੀ, ਰਾਜਨੀਤਕ ਅਤੇ ਇਲਾਕੇ, ਦੇਸਾਂ ਵਿਦੇਸ਼ਾਂ ਦੀਆਂ ਸੰਗਤਾਂ ਨੇ ਬਹੁ ਗਿਣਤੀ ਵਿੱਚ ਹਾਜਰੀਆ ਭਰੀਆਂ। ਗੁਰੂ ਜੀ ਦੇ ਲੰਗਰ ਅਤੁੱਟ ਵਰਤੇ।

ਆਵਾਜ਼ਿ ਕੌਮ AWAZE QAUM International Newspaper & WEB TV


ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਦਿਲਜੀਤ ਦੁਸਾਂਝ ਦੀ "ਸਰਦਾਰ ਜੀ -3"

# ਵਾਦ ਵਿਵਾਦ ਪਾਕਿਸਤਾਨੀ ਹੀਰੋਇਨ ਦਾ ਨਹੀਂ ਬਲਕਿ ਮੁੱਦੇ ਦੀ ਜੜ੍ਹ ਈਰਖਾ ਦਾ ਸਾੜਾ ਹੈ

**ਦਲਜੀਤ ਦੁਸਾਂਝ ਦੀ** ਫਿਲਮ "ਸਰਦਾਰ ਜੀ 3" ਪਾਕਿਸਤਾਨੀ ਹੀਰੋਇਨ ਹਾਨੀਆ ਆਮਿਰ ਨੂੰ ਲੈ ਕੇ ਕਥਿਤ ਵਾਦ ਵਿਵਾਦ ਜ਼ੋਰਾਂ 'ਤੇ ਹੈ । ਭਾਰਤ ਵਿਚ ਇਹ ਫਿਲਮ ਬੈਨ ਕੀਤੀ ਜਾ ਚੁੱਕੀ ਹੈ ਜਦ ਕਿ ਪੂਰੇ ਵਿਸ਼ਵ ਵਿਚ ਇਹ ਫਿਲਮ ਰਿਲੀਜ ਹੋ ਚੁੱਕੀ ਹੈ ਤੇ ਸਿਨੇਮਿਆਂ ਵਿਚ ਚੱਲ ਰਹੀ ਹੈ ।




ਵਿਵਾਦ ਇਸ ਗੱਲੋਂ ਸ਼ੁਰੂ ਹੋਇਆ ਕਿ ਇਸ ਫਿਲਮ ਵਿਚ ਹੀਰੋਇਨ ਵਜੋਂ ਪਾਕਿਸਤਾਨੀ ਕਲਾਕਾਰ ਹਾਨੀਆਂ ਆਮਿਰ ਨੂੰ ਕਿਓਂ ਲਿਆ ਗਿਆ ? ਦੋਸ਼ ਇਹ ਲਾਇਆ ਗਿਆ ਕਿ ਪਾਕਿਸਤਾਨੀ ਅੱਤਵਾਦੀਆਂ ਨੇ ਬੀਤੀ 22 ਅਪਰੈਲ ਨੂੰ ਕਸ਼ਮੀਰ ਦੇ ਪਹਿਲਗਾਮ ਵਿਚ ਹਮਲਾ ਕਰਕੇ 28 ਭਾਰਤੀ ਸੈਲਾਨੀਆ ਮਾਰ ਮੁਕਾਇਆ ਜਿਸ ਦੇ ਬਹਾਨੇ ਭਾਰਤ ਨੇ ਪਾਕਿਸਤਾਨ ਉੱਤੇ ਬੀਤੀ 7 ਮਈ ਨੂੰ ਹਮਲਾ ਵੀ ਕੀਤਾ ।


ਗੱਲ ਨੂੰ ਅੱਗੇ ਤੋਰਦਿਆਂ ਬਾਲੀਵੁੱਡ ਦੇ ਸੁਪਰਸਿੱਧ ਫਿਲਮ ਲੇਖਕ ਤੇ ਗੀਤਕਾਰ ਜਨਾਬ ਜਵੇਦ ਅਖਤਰ ਦਾ ਇਕ ਬਿਆਨ ਇਥੇ ਕਾਬਲੇ ਗੌਰ ਹੈ । ਉਹਨਾ ਦਾ ਕਹਿਣਾ ਹੈ ਕਿ,

"ਇਸ ਫਿਲਮ ਨੂੰ ਚੱਲਣ ਦੇਣਾ ਚਾਹੀਦਾ ਹੈ ਕਿਉਕਿ ਜਿਸ ਵੇਲੇ ਫਿਲਮ ਬਣੀ ਹੈ , ਉਸ ਵੇਲੇ ਦੋਵਾਂ ਮੁਲਕਾਂ ਦੇ ਹਾਲਾਤ ਬਿਲਕੁਲ ਨਾਰਮਲ ਸਨ ।"

ਪਰ ਫਿਲਮ ਨੂੰ ਪੂਰੇ ਭਾਰਤ ਵਿਚ ਬੈਨ ਕਰ ਦਿੱਤਾ ਗਿਆ । ਇਥੇ ਸਵਾਲ ਪੈਦਾ ਇਹ ਹੁੰਦਾ ਹੈ ਕਿ ਹਾਨੀਆ ਆਮਿਰ ਨੇ ਭਾਰਤ ਉਤੇ ਕਿਹੜੀਆਂ ਮਿਜਾਇਲਾਂ ਦਾਗੀਆਂ, ਉਹ ਤਾਂ ਜਿਸ ਤਰਾਂ ਭਾਰਤ ਅਤੇ ਪਾਕਿਸਤਾਨ ਦੇ ਬਾਕੀ ਆਮ ਸ਼ਹਿਰੀ ਹਨ ਤੇ ਉਹਨਾ ਦਾ ਕੋਈ ਕਸੂਰ ਨਹੀਂ ਉਸੇ ਤਰਾਂ ਉਹ ਹੈ ।

ਦੂਜੀ ਗੱਲ ਇਹ ਕਿ ਕਲਾਕਾਰਾਂ ਨੂੰ ਸਰਹੱਦਾਂ ਦੀ ਵਲਗਣ ਵਿਚ ਵੰਡਣਾ ਕਿੰਨਾ ਕੁ ਜਾਇਜ ਹੈ ? ਮੇਰੀ ਜਾਚੇ ਇਹ ਤਾਂ ਮੂਰਖਤਾ ਦੀ ਇੰਤਹਾ ਹੈ ਤੇ ਭਾਰਤ ਸਰਕਾਰ ਨੇ ਦਲਜੀਤ ਦੀ ਫਿਲਮ ਉੱਤੇ ਬੈਨ ਲਗਾ ਇਹ ਸਭ ਕੁੱਝ ਆਪ ਹੀ ਸਾਬਤ ਕਰ ਦਿੱਤਾ ਹੈ ।

ਦਰਅਸਲ ਗੱਲ ਇਹ ਨਹੀ ਕਿ ਹਾਨੀਆ ਆਮਿਰ ਨੂੰ ਫਿਲਮ ਦੀ ਹੀਰੋਇਨ ਕਿਓਂ ਬਣਾਇਆ ਗਿਆ, ਬਲਕਿ ਵਿਚਲੀ ਗੱਲ ਇਹ ਹੈ ਕਿ ਦਲਜੀਤ ਦੁਸਾਂਝ ਪੰਜਾਬੀ ਹੈ, ਪੱਗ ਬੰਨ੍ਹਦਾ ਹੈ, ਪੰਜਾਬੀ ਪਹਿਰਾਵਾ ਪਹਿਨਦਾ ਹੈ, ਬਾਲੀਵੁੱਡ ਦਾ ਝੋਲੀ ਚੁੱਕ ਨਹੀਂ, ਇਸ ਸਮੇਂ ਉਹ ਵੱਡਾ ਸਟਾਰ ਹੈ, ਉਸ ਦੇ ਸ਼ੋਆਂ ਵਿਚ ਦਰਸ਼ਕਾਂ ਦੀ ਸੱਖਿਆ ਲੱਖਾਂ ਵਿਚ ਹੁੰਦੀ ਹੈ ਤੇ ਬੌਲੀਵੁੱਡ ਦੇ ਬਹੁਤਿਆਂ ਲੱਠਮਾਰਾਂ ਨੂੰ ਇਹ ਸਭ ਕੁੱਝ ਹਜਮ ਨਹੀਂ ਹੋ ਰਿਹਾ, ਪੰਜਾਬੀ ਪਹਿਰਾਵੇ ਵਿਚ ਸਟੇਜ 'ਤੇ ਜਾ ਕੇ ਜਦ ਉਹ "ਆ ਗਏ ਪੰਜਾਬੀ ਓਏ" ਕਹਿੰਦਾ ਹੈ ਤਾਂ ਬਾਲੀਵੁੱਡ ਦੇ ਵੱਡੇ ਵੱਡੇ ਸਟਾਰਾਂ ਦੀ ਧਰਨ ਹਿੱਲ ਜਾਂਦੀ ਹੈ ।



ਸ਼ਿੰਗਾਰਾ ਸਿੰਘ ਢਿੱਲੋਂ (ਪ੍ਰੋ.)

ਕਹਿਣ ਦਾ ਭਾਵ ਇਹ ਹੈ ਕਿ ਅਸਲ ਵਿਚ "ਸਰਦਾਰ ਜੀ 3" ਫਿਲਮ ਦਾ ਮਸਲਾ ਨਹੀਂ, ਬਲਕਿ ਮਸਲਾ ਇਹ ਹੈ ਕਿ ਉਹ ਆਪਣੀਆਂ ਸਟੇਜਾਂ ਉੱਤੇ " ਆ ਗਏ ਪੰਜਾਬੀ ਓਏ" ਦੀ ਬਜਾਏ "ਆ ਗਏ ਭਾਰਤੀ ਓਏ" ਕਿਓਂ ਨਹੀਂ ਬੋਲਦਾ, ਆਪਣੀਆਂ ਬਹੁਤੀਆਂ ਫਿਲਮਾਂ ਸਿੱਖ ਵਿਰਸੇ ਬਾਰੇ ਹੀ ਕਿਓਂ ਬਣਾਉਂਦਾ ? ਸਿਰ 'ਤੇ ਪੱਗ ਕਿਓਂ ਬੰਨ੍ਹਦਾ ? ਬਾਲੀਵੁੱਡ ਦੇ ਫਿਲਮੀ ਡਾਇਰੈਕਟਰਾਂ ਦਾ ਪਾਣੀ ਕਿਓਂ ਨਹੀਂ ਭਰਦਾ ?, ਮੀਕਾ ਸਿੰਘ ਤੇ ਗੁਰੂ ਰੰਧਾਵੇ ਵਾਂਗ ਉਹਨਾਂ ਦਾ ਪਿੱਠੂ ਤੇ ਝੋਲੀ ਚੁੱਕ ਕਿਓਂ ਨਹੀਂ ਬਣਦਾ, ਉਹ ਸਿਰਫ ਪੰਜਾਬੀ ਸੱਭਿਆਚਾਰ, ਪੰਜਾਬੀਅਤ ਤੇ ਸਿੱਖ ਵਿਰਸੇ ਨੂੰ ਹੀ ਪਰੋਮੋਟ ਕਿਓਂ ਕਰਦਾ ?

ਸੋਚਣ ਵਾਲੀ ਗੱਲ ਇਹ ਵੀ ਹੈ ਕਿ ਜਦੋਂ ਪ੍ਰਧਾਨਮੰਤਰੀ ਨਰਿੰਦਰ ਮੋਦੀ ਉਸ ਨੂੰ ਮਿਲਦਾ ਹੈ ਤਾਂ ਓਹੀ ਦਲਜੀਤ ਦੁਸਾਂਝ ਨਫਰਤੀਆਂ ਵਾਸਤੇ ਚੰਗਾ ਹੁੰਦਾ ਹੈ ! ਜਦੋਂ ਕਿਸਾਨ ਮੋਰਚੇ ਦੀ ਹਿਮਾਇਤ ਕਰਦਾ ਹੈ ਤਾਂ ਉਸ ਨੂੰ ਖਾਲਿਸਤਾਨੀ ਕਿਹਾ ਜਾਂਦਾ ਹੈ।

ਪਹਿਲਗਾਮ ਕਾਂਡ ਕਿਸ ਨੇ ਕਰਵਾਇਆ ਤੇ ਕਿਸ ਨੇ ਕੀਤਾ, ਅਜੇ ਤੱਕ ਇਸ ਦਾ ਖੁਰਾ ਨਹੀਂ ਨੱਪਿਆ ਗਿਆ, ਬਿਨਾ ਕਿਸੇ ਠੋਸ ਅਧਾਰ ਦੇ ਪਾਕਿਸਤਾਨ ਵੱਲ ਉਂਗਲ ਚੁੱਕ ਦਿੱਤੀ ਗਈ, ਹਮਲਾ ਵੀ ਕਰ ਦਿੱਤਾ ਤੇ ਡੋਨਾਲਡ ਟਰੰਪ ਦੀ ਮਾਰਫਤ ਪਾਕਿਸਤਾਨ ਨਾਲ ਜੰਗਬੰਦੀ ਵਾਲਾ ਸਮਝੌਤਾ ਵੀ ਕਰ ਲਿਆ ।

ਪੁਲਵਾਮਾ ਵਾਲੇ ਕਾਂਡ ਦਾ ਅੱਜ ਤੱਕ ਕੀ ਬਣਿਆ ? ਉੜੀ ਕਾਂਡ ਵਾਸਤੇ ਕੌਣ ਜਿੰਮੇਵਾਰ ਰਿਹਾ ? ਦਰਅਸਲ ਲੋਕਾਂ ਦਾ ਧਿਆਨ ਅਸਲ ਮੁੰਦੇ ਤੋਂ ਭਟਕਾਉਣ ਵਾਸਤੇ ਇਸ ਤਰਾਂ ਦੀਆਂ ਬਿਨਾ ਸਿਰ ਪੈਰ ਵਾਲੀਆਂ ਕਾਰਵਾਈਆਂ ਭਾਜਪਾ ਸਰਕਾਰ ਵਲੋਂ ਕਥਿਤ ਰੂਪ ਵਿਚ ਪਹਿਲਾਂ ਵੀ ਕੀਤੀਆਂ ਗਈਆਂ ਤੇ ਹੁਣ ਵੀ ਕੀਤੀਆਂ ਜਾ ਰਹੀਆਂ ਹਨ ਤਾਂ ਕਿ ਸਰਕਾਰ ਲੋਕਾਂ ਦੇ ਅਸਲ ਮਸਲਿਆਂ ਦੀ ਜਵਾਬਦੇਹੀ ਤੋਂ ਬਚਕੇ ਆਪਣੀ ਕੁਰਸੀ ਤੇ ਚੌਧਰ ਨੂੰ ਬਹਾਲ ਰੱਖ ਸਕੇ ।

ਆਵਾਜ਼ਿ ਕੌਮ AWAZE QAUM International Newspaper & WEB TV

ਇਸ ਵਿਚ ਕੋਈ ਸ਼ੱਕ ਨਹੀਂ ਕਿ ਦਲਜੀਤ ਨੇ ਆਪਣੀ ਕਲਾ ਦੇ ਬਲਬੂਤੇ ਆਪਣੇ ਨਾਮ ਦੇ ਨਾਲ ਨਾਲ ਪੰਜਾਬੀਆ ਦਾ ਨਾਮ ਵੀ ਸੰਸਾਰ ਭਰ ਵਿਚ ਫਖਰ ਨਾਲ ਉੱਚਾ ਕੀਤਾ ਹੈ ਤੇ ਇਸ ਦੇ ਨਾਲ ਹੀ ਸਿੱਖਾਂ ਦੀਆਂ ਸੰਸਾਰ ਪੱਧਰ 'ਤੇ ਮਾਨਵਤਾ ਹਿੱਤ ਕੀਤੀਆਂ ਘਾਲਣਾਵਾਂ ਤੇ ਕੁਰਬਾਨੀਆਂ ਨੂੰ ਮੁੜ ਤੋਂ ਲੋਕਾਂ ਦੇ ਧਿਆਨ ਵਿਚ ਲਿਆਦਾ ।

ਉਸ ਦੀ ਜਿਸ ਫਿਲਮ ਦਾ ਵਿਰੋਧ ਇਸ ਸਮੇਂ ਕੀਤਾ ਜਾ ਰਿਹਾ, ਉਸ ਦਾ ਉਹ ਸਿਰਫ ਹੀਰੋ ਹੈ, ਪਰੋਡਿਊਸਰ ਜਾਂ ਡਾਇਰੈਕਟਰ ਨਹੀਂ, ਪਰ ਫਿਰ ਵੀ ਟਾਰਗੇਟ ਉਤੇ ਦਲਜੀਤ ਦੁਸਾਂਝ ਹੈ, ਅਜਿਹਾ ਕਿਓਂ ? ਇਸ ਦਾ ਸਿੰਧਾ ਜਿਹਾ ਕਾਰਨ ਹੈ ਕਿ ਹੇਟਰਾਂ ਤੋਂ ਉਸ ਦੀ ਪ੍ਰਸਿੱਧੀ ਨਹੀਂ ਝੱਲ ਹੁੰਦੀ ਤੇ ਨਾ ਹੀ ਉਸ ਵਰਗਾ ਪੰਜਾਬੀ ਪੁੱਤਰ ਬਣਿਆ ਜਾਂਦਾ ਹੈ ਤੇ ਜਦੋਂ ਅਜਿਹਾ ਹੋਵੇ ਤਾਂ ਫਿਰ ਅਜਿਹੇ ਸੋਚ ਪੱਖੋਂ ਪਛੜੇ ਹੋਏ ਲੋਕ ਆਪਣਾ ਬਹੁਤਾ ਧਿਆਨ ਸਫਲ ਵਿਅਕਤੀ ਜਾਂ ਕਲਾਕਾਰ ਦੀਆਂ ਨਿਗੋਚਾਂ ਕੱਢਕੇ ਉਹਨਾਂ ਦੀ ਨਿੰਦਿਆ ਕਰਨ ਤੇ ਲੱਤਾਂ ਖਿਚਣ ਵਿਚ ਲਗਾ ਦਿੰਦੇ ਹਨ, ਇਹ ਨਿਗੋਚਾਂ ਬਿਲਕੁਲ ਇਸੇ ਤਰਾਂ ਦੀਆਂ ਹੁੰਦੀਆਂ ਹਨ ਕਿ ਜਿਵੇਂ ਕਿਸੇ ਨੂੰ ਇਹ ਕਹਿ ਦੇਈਏ ਕਿ ਰੋਟੀ ਖਾਂਦਿਆਂ ਉਸ ਦਾ ਮੂੰਹ ਕਿਓਂ ਹਿਲਦਾ ਹੈ, ਤੁਰਿਆਂ ਜਾਂਦਿਆਂ ਚਾਲ ਦਾ ਰਿਦਮ ਕਿਓਂ ਨਹੀਂ ਬਣਦਾ ਜਾਂ ਫਿਰ ਰੇਵੀਏ ਰੇਵੀਏ ਕਿਓਂ ਨਹੀਂ ਤੁਰਦਾ ਆਦਿ । ਅਜਿਹੇ ਨਫਰਤ ਦੀ ਅੱਗ ਵਿਚ ਸੜੇ ਲੋਕਾਂ ਨੇ ਕਦੇ ਆਪਣੇ ਗਿਰੇਵਾਨ ਚ ਝਾਕ ਕੇ ਨਹੀਂ ਦੇਖਿਆ ਹੁੰਦਾ ਕਿ ਆਪ ਕਿੰਨੇ ਕੁ ਪਾਣੀ ਚ ਖੜ੍ਹੇ ਹਨ !

ਸਰਦਾਰ ਜੀ 3, ਕੱਲ੍ਹ ਜਾਣੀ ਸ਼ੁਕਰਵਾਰ, ਭਾਰਤ ਨੂੰ ਛੱਡਕੇ ਪੂਰੀ ਦੁਨੀਆਂ ਵਿਚ ਰਿਲੀਜ ਹੋ ਚੁੱਕੀ ਹੈ, ਸਾਰੇ ਪਾਸਿਓਂ ਚੰਗੀਆਂ ਖਬਰਾਂ ਆ ਰਹੀਆਂ ਹਨ, ਫਿਲਮ ਨੂੰ ਭਰਪੂਰ ਹੁੰਗਾਰਾ ਮਿਲ ਰਿਹਾ ਹੈ, ਯੋਰਪ, ਇੰਗਲੈਂਡ, ਕਨੇਡਾ, ਆਸਟਰੇਲੀਆ, ਅਮਰੀਕਾ ਆਦਿ ਚ ਵਸਦੇ ਪੰਜਾਬੀਆਂ ਵਿਚ ਇਸ ਫਿਲਮ ਨੂੰ ਦੇਖਣ ਪ੍ਰਤੀ ਬਹੁਤ ਉਤਸ਼ਾਹ ਹੈ ਜੋ ਕਿ ਫਿਲਮ ਵਿਰੋਧੀਆਂ ਦੇ ਮੂੰਹ ਉੱਤੇ ਲਫੇੜਾ ਹੀ ਮੰਨਿਆ ਜਾ ਸਕਦਾ ਹੈ ।

ਇਕ ਗੱਲ ਹੋਰ ਜਿਹੜੀ ਬਹੁਤ ਖਾਸ ਰੂਪ ਵਿਚ ਸਾਹਮਣੇ ਆਈ ਹੈ, ਉਹ ਇਹ ਹੈ ਕਿ ਕੁੱਝ ਕੁ ਤੁਅਸਬੀ ਲੋਕਾਂ ਦੇ ਕਥਿਤ ਵਿਰੋਧ ਦੇ ਓਹਲੇ ਹੇਠ ਮੁਲਕ ਦੀ ਸਰਕਾਰ ਅਤੇ ਰਾਜ ਸਰਕਾਰਾਂ ਨੇ ਫਿਲਮ ਵਿਰੁੱਧ ਬੈਨ ਲਗਾ ਕੇ ਆਪਣੀ ਹੀ ਅਕਲ ਦਾ ਜਨਾਜ਼ਾ ਆਪ ਹੀ ਪੂਰੀ ਤਰਾਂ ਕੱਢ ਲਿਆ ਹੈ । ਹਾਨੀਆ ਅਤੇ ਦਲਜੀਤ ਦੋਵੇਂ ਆਪੋ ਆਪਣੇ ਮੁਲਕਾਂ ਦੇ ਸ਼ਹਿਰੀ ਹਨ, ਉਹ ਕਲਾਕਾਰ ਹਨ, ਆਪੋ ਆਪਣੇ ਖੇਤਰਾਂ ਵਿਚ ਪਰਬੁੱਧ ਹਨ , ਉਹਨਾਂ ਨੇ ਆਪਣੀ ਜਿੰਦਗੀ ਵਿਚ ਕੀ ਕਰਨਾ ਹੈ ਜਾਂ ਕੀ ਨਹੀਂ ਕਰਨਾ, ਇਹ ਉਹਨਾਂ ਦਾ ਨਿੱਜੀ ਮਸਲਾ ਹੈ , ਪਰ ਹੈਰਾਨੀ ਇਸ ਗੱਲ ਦੀ ਹੋ ਰਹੀ ਹੈ ਕਿ ਕਈ ਗੁਰੂ ਰੰਧਾਵੇ ਤੇ ਮੀਕਾ ਸਿੰਘ ਵਰਗੇ ਉਹਨਾ ਨੂੰ ਮੁਫਤ ਤੇ ਬਿਨਾ ਮੰਗੀਆਂ ਸਲਾਹਾਂ ਦੇ ਕੇ ਆਪਣਾ ਆਪ ਹੀ ਜਲੂਸ ਕੱਢੀ ਜਾ ਰਹੇ ਹਨ ।

ਰਹੀ ਗੱਲ ਸ਼ੋਸ਼ਲ ਮੀਡੀਏ ਦੀ, ਇਸ ਉੱਤੇ ਕਿਸੇ ਨੂੰ ਕੋਈ ਬੰਦਿਸ਼ ਨਹੀਂ, ਹਰ ਕੋਈ ਆਪੋ ਆਪਣੀ ਸੋਚਣੀ ਮੁਤਾਬਿਕ ਪੋਸਟਾਂ ਪਾਈ ਜਾ ਰਿਹਾ ਹੈ, ਆਪਣੀ ਡੱਫਲੀ ਤੇ ਆਪਣਾ ਰਾਗ ਅਲਾਪ ਰਿਹਾ ਹੈ । ਕੁੱਝ ਦਲਜੀਤ ਦੁਸਾਂਝ ਦੇ ਹੱਕ ਚ ਤੇ ਕੁੱਝ ਵਿਰੋਧ ਵਿਚ ਖੜ੍ਹੇ ਹਨ, ਸਭ ਦਾ ਆਪੋ ਆਪਣਾ ਏਜੰਡਾ ਹੈ, ਪਰ ਚੰਗਾ ਇਹ ਹੋਵੇਗਾ ਜੇਕਰ ਧਿਰਬਾਜੀ ਤੋ ਉਪਰ ਉੱਠਕੇ, ਫੈਨਬਾਜੀ ਦੀ ਐਨਕ ਉਤਾਰ ਕੇ ਮਸਲੇ ਦੀ ਜੜ੍ਹ ਨੂੰ ਦੇਖਿਆ ਜਾਵੇ ਤਾਂ ਇਹ ਬਿਲਕੁਲ ਸ਼ਪੱਸ਼ਟ ਹੋ ਜਾਵੇਗਾ ਕਿ ਦਲਜੀਤ ਦੁਸਾਂਝ ਤੇ ਹਾਨੀਆ ਆਮਿਰ ਦੋਵੇਂ ਚੰਗੇ ਕਲਾਕਾਰ ਹਨ, ਸਮਾਜ ਲਈ ਵਧੀਆ ਕਾਰਜ ਕਰ ਰਹੇ ਹਨ , ਸਹੀ ਦਿਸ਼ਾ ਵਿਚ ਆਪਣੀ ਕਲਾ ਦਾ ਪ੍ਰਦਰਸ਼ਨ ਕਰ ਰਹੇ ਹਨ, ਜਿਸ ਕਰਕੇ ਉਹਨਾਂ ਨੂੰ ਹੱਲਾਸ਼ੇਰੀ ਦੇਣੀ ਬਣਦੀ ਹੈ, ਪਰ ਭਾਰਤ ਵਿਚ ਅਜਿਹਾ ਹੋਣਾ ਸੰਭਵ ਨਹੀਂ ਹੈ । ਏਹੀ ਕਾਰਨ ਹੈ ਕਿ ਜਦ ਦਲਜੀਤ ਦੁਸਾਂਝ ਕਿਸਾਨ ਮੋਰਚੇ ਦੇ ਹੱਕ ਚ ਖੜ੍ਹਾ ਹੁੰਦਾ ਹੈ ਤਾਂ ਉਸ ਨੂੰ ਖਾਲਿਸਤਾਨੀ ਅਤੇ ਟੁੱਕੜੇ ਟੁੱਕੜੇ ਗੈਂਗ ਦਾ ਮੈਂਬਰ ਕਿਹਾ ਜਾਂਦਾ ਹੈ, ਜਦੋਂ ਉਹ ਅੰਤਰਰਾਸ਼ਟਰੀ ਕਿਸੇ ਗਾਲਾ ਵਿਚ ਹਿੱਸਾ ਲੈ ਕੇ ਮੁੜਦਾ ਹੈ ਤਾਂ ਦੇਸ਼ ਦਾ ਪ੍ਰਧਾਨ ਮੰਤਰੀ ਉਸ ਨੂੰ ਬਾਹਾਂ ਖਿਲਾਰ ਕੇ ਮਿਲਣ ਦੀ ਇੱਛਾ ਵਿਅਕਤ ਕਰਦਾ ਹੈ, ਪਾਇਲ ਤੇ ਕੰਗਣਾ ਰਣੌਤ ਵਰਗੀਆਂ ਚਵਲ ਔਰਤਾਂ ਆਪਣੀ ਪ੍ਰਸਿੱਧੀ ਵਧਾਉਣ ਵਾਸਤੇ ਉਸ ਨਾਲ ਵਾਦ ਵਿਵਾਦ ਕਰਦੀਆਂ ਹਨ ।

ਇਥੇ ਰਾਹਤ ਇੰਦੋਰੀ ਦੇ ਇਕ ਸ਼ੇਅਰ ਦਾ ਜਿਕਰ ਕਰਨਾ ਬਹੁਤ ਸਾਰਥਿਕ ਜਾਪਦਾ ਹੈ ਕਿ,

"ਹਮਾਰੇ ਮੂੰਹ ਸੇ ਨਿਕਲੇ, ਵੋਹ ਹੀ ਸਦਾਕਤ ਹੈ,
ਹਮਾਰੇ ਮੂੰਹ ਮੇ ਤੁਮਹਾਰੀ ਜੁਬਾਨ ਥੋੜੀ ਹੈ ।
ਸਭ ਕਾ ਖੂਨ ਸ਼ਾਮਿਲ ਹੈ, ਜਹਾਂ ਕੀ ਮਿੱਟੀ ਮੇਂ,
ਕਿਸੀ ਕੇ ਬਾਪ ਕਾ ਹਿੰਦੁਸਤਾਨ ਥੋੜੀ ਹੈ ।

ਅੱਜ ਭਾਰਤ ਦੇ ਹਾਲਾਤ ਇਹ ਬਣੇ ਹੋਏ ਹਨ ਕਿ ਕੋਈ ਵੀ ਕੁੱਛ ਵੀ ਬੋਲੀ ਜਾ ਰਿਹਾ ਹੈ, ਕਿਸੇ ਨੂੰ ਵੀ ਦੇਸ਼ ਭਗਤ ਤੇ ਗਦਾਰ ਗਰਦਾਨਿਆ ਐਲਾਨਿਆ ਜਾ ਰਿਹਾ ਹੈ , ਹੋਰ ਵੀ ਹੈਰਾਨੀ ਹੁੰਦੀ ਹੈ ਕਿ ਕਲਾਕਾਰਾਂ ਨੂੰ ਵੀ ਨਹੀਂ ਬਖਸ਼ਿਆ ਜਾ ਰਿਹਾ, ਉਥੇ ਵੀ ਸੇਹ ਦਾ ਤੱਕਲਾ ਗੱਡਿਆ ਜਾ ਰਿਹਾ ਹੈ ।

ਮੁਕਦੀ ਗੱਲ ਇਹ ਹੈ ਕਿ "ਸਰਦਾਰ ਜੀ 3" ਦੀ ਟੀਮ ਨੇ ਫਿਲਮ ਵਿਚੋਂ ਹਾਨੀਆ ਆਮਿਰ ਨੂੰ ਨਾ ਬਾਹਰ ਕੱਢਣ ਦਾ ਫੈਸਲਾ ਲਿਆ ਹੈ, ਬੇਸ਼ੱਕ ਫਿਲਮ ਮੇਕਰ ਟੀਮ ਨੇ ਇਹ ਵੱਡਾ ਰਿਸਕ ਲਿਆ ਹੈ, ਪਰ ਇਹ ਨਵੀਂ ਪਿਰਤ ਪਾ ਕੇ ਇਸ ਸਦੀ ਦੇ ਫਿਲਮ ਜਗਤ ਵਿਚ ਜੱਗੋਂ ਤੇਰਵੀਂ ਵੀ ਕੀਤੀ ਹੈ ਤੇ ਹੱਥ 'ਤੇ ਸਰੋਂ ਵੀ ਜਮਾਈ ਹੈ ।

ਫਿਲਮ। ਮੇਕਰਾਂ ਨੇ ਫਿਲਮ ਦੇ ਵਿਰੋਧੀਆਂ ਨੂੰ ਮਾਕੂਲ ਜਵਾਬ ਦਿੱਤਾ ਹੈ, ਜਿਸ ਤੋਂ ਇਹ ਸਾਬਤ ਹੋ ਗਿਆ ਕਿ "ਸਰਦਾਰ ਜੀ -3" ਦਾ ਉਸ ਦੇ ਰਿਲੀਜ ਹੋਣ ਤੋਂ ਪਹਿਲਾਂ ਹੀ ਵਿਰੋਧ ਕਰਨ ਵਾਲੇ ਲੋਕ ਅਕਲੋਂ ਪੈਦਲ ਹੀ ਨਹੀਂ ਬਲਕਿ ਮਾਨਸਿਕ ਤੌਰ 'ਤੇ ਅਪਾਹਜ ਵੀ ਹਨ । ਜਿਹਨਾਂ ਸਰਕਾਰਾਂ ਨੇ ਇਸ ਫਿਲਮ ਉੱਤੇ ਬੈਨ ਆਇਤ ਕੀਤਾ ਹੈ, ਉਹਨਾਂ ਇਹ ਕਾਰਾ ਸਿਆਸੀ ਮੁਫਾਦ ਵਾਸਤੇ ਜਾਂ ਸਿਆਸੀ ਰੋਟੀਆਂ ਸੇਕਣ ਵਾਸਤੇ ਕੀਤਾ ਹੈ । ਪੂਰੇ ਵਿਸ਼ਵਾਸ ਨਾਲ ਕਹਿ ਸਕਦਾਂ ਕਿ ਦਲਜੀਤ ਦੁਸਾਂਝ ਦੀ ਇਹ ਫਿਲਮ ਭਾਰਤ ਵਿਚ ਬੈਨ ਹੋਣ ਦੇ ਬਾਵਜੂਦ ਵੀ ਸੁਪਰ ਹਿੱਟ ਹੋਵੇਗੀ, ਇਸ ਫਿਲਮ ਨੂੰ ਬਹੁਤ ਭਰਵਾਂ ਹੁੰਗਾਰਾ ਮਿਲੇਗਾ ਤੇ ਦਲਜੀਤ ਦੁਸਾਂਝ ਆਪਣੀ ਕਾਮਯਾਬੀ ਦਾ ਇਕ ਹੋਰ ਮੀਲ ਪੱਥਰ ਗੱਡੇਗਾ । ਫੇਰ ਦੁਹਰਾ ਜਾਵਾਂ ਕਿ ਇਹ ਮਸਲਾ ਅਸਲ ਰੂਪ ਵਿਚ ਫਿਲਮ ਦੀ ਪਾਕਿਸਤਾਨੀ ਹੀਰੋਇਨ ਹਾਨੀਆ ਆਮਿਰ ਦਾ ਫਿਲਮ ਵਿੱਚ ਕੰਮ ਕਰਨ ਨਾਲ ਸਬੰਧਿਤ ਨਹੀਂ ਹੈ, ਦਰਅਸਲ ਇਹ ਮਸਲਾ ਦਲਜੀਤ ਨਾਲ ਈਰਖਾ ਕਰਨ ਵਾਲੇ ਤੇ ਦੋਹਾਂ ਮੁਲਕਾਂ ਵਿਚਕਾਰ ਕੁੜੱਤਣ ਪੈਦਾ ਕਰਕੇ ਲਾਹਾ ਲੈਣ ਵਾਲੇ ਸਿਆਸੀ ਗਿੱਧਾ ਵਲੋਂ ਸਿਆਸੀ ਲਾਹਾ ਲੈਣ ਦਾ ਹੈ । ਇਹ ਉਕਤ ਦੋ ਉਹ ਕੁਰੀਤੀਆਂ ਹਨ ਜੋ ਹਰ ਵਸਦੇ ਰਸਦੇ ਸਮਾਜ ਵਿਚ ਸੇਹ ਦਾ ਤੱਕਲਾ ਗੱਡਕੇ ਪਾੜੇ ਪਾਉਂਦੀਆਂ ਹਨ ਤੇ ਨਫਰਤ ਬੀਜਦੀਆਂ ਹਨ । ਰੱਬ ਖੈਰ ਕਰੇ । ••

## ਕਾਲਕਾ ਅਤੇ ਕਾਹਲੋਂ ਨੂੰ ਮੁੜ ਦਿੱਲੀ ਕਮੇਟੀ ਦੇ ਪ੍ਰਧਾਨ ਅਤੇ ਸਕੱਤਰ ਬਣਨ ਤੇ ਅਖੰਡ ਕੀਰਤਨੀ ਜੱਥੇ ਨੇ ਕੀਤਾ ਸਨਮਾਨਿਤ





ਨਵੀਂ ਦਿੱਲੀ 29 ਜੂਨ (ਮਨਪ੍ਰੀਤ ਸਿੰਘ ਖਾਲਸਾ):- ਹਰਮੀਤ ਸਿੰਘ ਕਾਲਕਾ ਅਤੇ ਜਗਦੀਪ ਸਿੰਘ ਕਾਹਲੋਂ ਨੂੰ ਦਿੱਲੀ ਗੁਰਦੁਆਰਾ ਕਮੇਟੀ ਦੇ ਮੁੜ ਤੋਂ ਪ੍ਰਧਾਨ ਅਤੇ ਸਕੱਤਰ ਬਣਨ ਤੇ ਅਖੰਡ ਕੀਰਤਨੀ ਜੱਥਾ (ਦਿੱਲੀ) ਵਲੋਂ ਸਨਮਾਨਿਤ ਕੀਤਾ ਗਿਆ ਹੈ । ਇਸ ਬਾਰੇ ਗੱਲਬਾਤ ਕਰਦਿਆਂ ਅਖੰਡ ਕੀਰਤਨੀ ਜੱਥਾ (ਦਿੱਲੀ) ਦੇ ਮੁੱਖ ਸੇਵਾਦਾਰ ਭਾਈ ਅਰਵਿੰਦਰ ਸਿੰਘ ਰਾਜਾ ਨੇ ਦਸਿਆ ਕਿ ਕਮੇਟੀ ਦੇ ਜਨਰਲ ਇਜਲਾਸ ਦੀਆਂ ਚੋਣਾਂ ਵਿਚ ਹਰਮੀਤ ਸਿੰਘ ਕਾਲਕਾ ਨੂੰ ਮੁੜ ਤੋਂ ਕਮੇਟੀ ਦੇ ਪ੍ਰਧਾਨ ਅਤੇ ਜਗਦੀਪ ਸਿੰਘ ਕਾਹਲੋਂ ਨੂੰ ਜਨਰਲ ਸਕੱਤਰ ਦੀ ਸੇਵਾ ਸੋਪੀ ਗਈ ਹੈ ਜਿਸ ਕਰਕੇ ਜੱਥੇ ਦੇ ਸਿੰਘਾਂ ਵਲੋਂ ਗੁਰਦੁਆਰਾ ਰਕਾਬ ਗੰਜ ਸਾਹਿਬ ਵਿਖ਼ੇ ਕਮੇਟੀ ਦਫਤਰ ਪਹੁੰਚ ਕੇ ਉਨ੍ਹਾਂ ਨੂੰ ਸਨਮਾਨਿਤ ਕਰਣ ਦੇ ਨਾਲ ਉਨ੍ਹਾਂ ਦਾ ਮੂੰਹ ਮਿੱਠਾ ਕਰਵਾਇਆ ਗਿਆ ਹੈ । ਉਨ੍ਹਾਂ ਕਿਹਾ ਕਿ ਅਸੀਂ ਉਨ੍ਹਾਂ ਕੋਲੋਂ ਉੱਮੀਦ ਕਰਦੇ ਹਾਂ ਕਿ ਜਿਸ ਤਰ੍ਹਾਂ ਕਮੇਟੀ ਵਲੋਂ ਜੱਥੇ ਨੂੰ ਸਮਾਗਮ ਕਰਵਾਣ ਲਈ ਅਤੇ ਹੋਰ ਪੰਥਕ ਸੇਵਾਵਾਂ ਵਾਸਤੇ ਭਰਪੂਰ ਸਹਿਯੋਗ ਮਿਲਦਾ ਆ ਰਿਹਾ ਸੀ ਓਸੇ ਤਰ੍ਹਾਂ ਸਹਿਯੋਗ ਮਿਲਦਾ ਰਹੇਗਾ । ਇਸ ਮੌਕੇ ਭਾਈ ਅਰਵਿੰਦਰ ਸਿੰਘ ਰਾਜਾ ਜੀ ਦੇ ਨਾਲ ਮੁੱਖ ਸੇਵਾਦਾਰ ਭਾਈ ਹਰਜਿੰਦਰ ਸਿੰਘ, ਭਾਈ ਅਰੁਣਪਾਲ ਸਿੰਘ, ਭਾਈ ਗੁਰਮੇਲ ਸਿੰਘ, ਭਾਈ ਰਣਬੀਰ ਸਿੰਘ ਚਾਚਾ ਜੀ, ਭਾਈ ਗੁਰਮੀਤ ਸਿੰਘ ਮੈਕੇਨਿਕ, ਭਾਈ ਜਸਪ੍ਰੀਤ ਸਿੰਘ ਲਵਲੀ, ਭਾਈ ਗੁਰਮੀਤ ਸਿੰਘ ਵਿਕਾਸਪੁਰੀ, ਭਾਈ ਰਣਜੀਤ ਸਿੰਘ, ਹੀਰਾ ਜੀ ਅਤੇ ਹੋਰ ਬਹੁਤ ਸਾਰੇ ਸਿੰਘ ਹਾਜਿਰ ਸਨ ।

ਆਵਾਜ਼ਿ ਕੌਮ AWAZE QAUM International Newspaper & WEB TV

## ਵਾਲਮੀਕ ਚੌਂਕ ਤੋਂ ਪਟਵਾਰਖਾਨਾ ਰੋਡ ਤੱਕ ਸੀਵਰੇਜ ਸਮੇਤ ਪੌਣੇ ਤਿੰਨ ਕਰੋੜ ਦੇ ਵੱਖ ਵੱਖ ਵਿਕਾਸ ਕਾਰਜਾਂ ਦਾ ਸ੍ਰ ਈਟੀਓ ਨੇ ਕੀਤਾ ਉਦਘਾਟਨ



**ਜੰਡਿਆਲਾ ਗੁਰੂ, 29 ਜੂਨ ( ਕੁਲਵੰਤ ਸਿੰਘ ਵਿਰਦੀ )**-ਕੈਬਨਿਟ ਮੰਤਰੀ ਸ੍ਰ: ਹਰਭਜਨ ਸਿੰਘ ਈਟੀਓ ਨੇ ਅੱਜ ਜੰਡਿਆਲਾ ਗੁਰੂ ਵਿੱਚ ਵੱਖ ਵੱਖ ਵਿਭਾਗਾਂ ਵੱਲੋਂ ਪੂਰੇ ਕੀਤੇ ਜਾਣ ਵਾਲੇ ਕੰਮਾਂ ਦੀ ਸ਼ੁਰੂਆਤ ਕੀਤੀ। ਅੱਜ ਵਾਲਮੀਕ ਚੌਂਕ ਤੋਂ ਪਟਵਾਰਖਾਨਾ ਰੋਡ ਤੱਕ ਮੁਕੰਮਲ ਹੋਣ ਵਾਲੇ ਸੀਵਰੇਜ ਜਿਸ ਉੱਤੇ ਦੋ ਕਰੋੜ ਰੁਪਏ ਅਤੇ ਕੁੱਝ ਗਲੀਆਂ ਜਿਨਾਂ ਉੱਤੇ 74 ਲੱਖ ਰੁਪਏ ਦੇ ਕਰੀਬ ਲਾਗਤ ਆ ਰਹੀ ਹੈ, ਦਾ ਕੰਮ ਸ਼ੁਰੂ ਕਰਵਾਉਂਦੇ ਹੋਏ ਕੈਬਨਿਟ ਮੰਤਰੀ ਨੇ ਦੱਸਿਆ ਕਿ ਜੰਡਿਆਲਾ ਗੁਰੂ ਸ਼ਹਿਰ ਹੀ ਨਹੀਂ ਸਮੁੱਚੀ ਹਲਕੇ ਵਿੱਚ ਵਿਕਾਸ ਦੇ ਕੰਮ ਪਹਿਲ ਦੇ ਅਧਾਰ ਉੱਤੇ ਕਰਵਾਏ ਜਾ ਰਹੇ ਹਨ। ਉਹਨਾਂ ਦੱਸਿਆ ਕਿ ਬੀਤੇ ਦਿਨਾਂ ਵਿੱਚ ਹਲਕੇ ਵਿੱਚ 11 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੀਆਂ ਵੱਖ ਵੱਖ ਪਿੰਡਾਂ ਦੀਆਂ ਸੰਪਰਕ ਸੜਕਾਂ ਦੇ ਨੀਹ ਪੱਥਰ ਰੱਖੇ ਗਏ ਸਨ। ਉਹਨਾਂ ਇਸ ਮੌਕੇ ਹੋਏ ਇਕੱਠ ਨੂੰ ਸੰਬੋਧਨ ਕਰਦੇ ਕਿਹਾ ਕਿ ਤੁਸੀਂ ਆਮ ਆਦਮੀ ਪਾਰਟੀ ਉੱਤੇ ਭਰੋਸਾ ਕਰਕੇ ਉਹਨਾਂ ਨੂੰ ਸੱਤਾ ਸੌਂਪੀ ਹੈ ਅਤੇ ਹੁਣ ਸਾਡਾ ਫਰਜ਼ ਹੈ ਕਿ ਅਸੀਂ ਤੁਹਾਡੀਆਂ ਆਸਾਂ ਉੱਤੇ ਖਰੇ ਉਤਰੀਏ। ਉਹਨਾਂ ਕਿਹਾ ਕਿ ਸਿੱਖਿਆ ਅਤੇ ਸਿਹਤ ਦੇ ਨਾਲ ਨਾਲ ਪਿੰਡਾਂ ਨੂੰ ਜਾਂਦੇ ਰਾਹਾਂ ਦਾ ਕੰਮ ਜੰਗੀ ਪੱਧਰ ਉੱਤੇ ਕਰਵਾਇਆ ਜਾ ਰਿਹਾ ਹੈ ਅਤੇ ਹਲਕੇ ਦੀ ਕੋਈ ਵੀ ਰਸਤਾ ਕੱਚਾ ਨਹੀਂ ਰਹਿਣ ਦਿੱਤਾ ਜਾਵੇਗਾ। ਈਟੀਓ ਨੇ ਕਿਹਾ ਕਿ ਇਹਨਾਂ ਵਿੱਚੋਂ ਬਹੁਤੇ ਰਸਤੇ ਉਹ ਹਨ ਜਿਹੜੇ ਪਹਿਲਾਂ ਬਣੇ ਹੀ ਨਹੀਂ। ਉਹਨਾਂ ਕਿਹਾ ਕਿ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਪੰਜਾਬ ਦੇ ਪਿੰਡਾਂ ਤੇ ਸ਼ਹਿਰਾਂ ਦੇ ਆਲੇ ਦੁਆਲੇ ਨੂੰ ਸਾਫ ਸੁਥਰਾ ਅਤੇ ਸੁੰਦਰ ਬਣਾਉਣ ਲਈ ਦ੍ਰਿੜ ਹਨ ਅਤੇ ਇਸ ਵਾਰ ਦੇ ਬਜਟ ਵਿੱਚ ਇਸ ਕੰਮ ਲਈ ਰਕਮ ਰਾਖਵੀਂ ਰੱਖੀ ਗਈ ਹੈ। ਉਹਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਸਰਕਾਰ ਵੱਲੋਂ ਕਰਵਾਏ ਜਾਣ ਵਾਲੇ ਇਹਨਾਂ ਕੰਮਾਂ ਨੂੰ ਪਾਰਟੀ ਪੱਧਰ ਤੋਂ ਉੱਪਰ ਉੱਠ ਕੇ ਪੂਰਾ ਕਰਵਾਉਣ ਅਤੇ ਆਪਣੇ ਆਪਣੇ ਇਲਾਕੇ ਵਿੱਚ ਸਾਫ ਸੁਥਰਾ ਵਾਤਾਵਰਨ ਪੈਦਾ ਕਰਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਦੀ ਯਾਦ ਨੂੰ ਸਮਰਪਿਤ

# ਦੂਜਾ ਸ਼ਹੀਦੀ ਸਮਾਗਮ ਪਿੰਡ ਖੋਸਾ ਨੇੜੇ ਲੋਹੀਆਂ ਖਾਸ (ਜਲੰਧਰ) ਵਿਖੇ ਮਨਾਇਆ ਗਿਆ

**ਧਾਰਮਿਕ ਸਖਸ਼ੀਅਤਾਂ ਵੱਲੋਂ ਹਾਜ਼ਰੀ ਲਗਵਾਈ ਗਈ। ਅੰਮ੍ਰਿਤ ਵੇਲੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਅਨੰਦ ਸਾਹਿਬ ਤੋਂ ਬਾਅਦ ਅਰਦਾਸ ਬੇਨਤੀ ਕੀਤੀ ਗਈ। ਉਪਰੰਤ ਕੀਰਤਨ ਦਰਬਾਰ ਸਜਾਇਆ ਗਿਆ, ਇਸਤੋਂ ਉਪਰੰਤ ਵੱਖ ਵੱਖ ਬੁਲਾਰਿਆਂ ਨੇ ਆਪਣੇ ਵਿਚਾਰ ਪੇਸ਼ ਕੀਤੇ।**












**ਜਲੰਧਰ, 29 ਜੂਨ (ਆਵਾਜਿ ਕੌਮ ਬਿਊਰੋ)** - ਗੁਰਦੁਆਰਾ ਸਾਹਿਬ ਪਾਤਸ਼ਾਹੀ ਸੱਤਵੀਂ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਪਿੰਡ ਖੋਸਾ (ਜਲੰਧਰ) ਵਿਖੇ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਦੀ ਯਾਦ ਵਿੱਚ ਦੂਜਾ ਸ਼ਹੀਦੀ ਸਮਾਗਮ ਕਰਵਾਇਆ ਗਿਆ। ਉਨਾਂ ਦੀ ਪਿਆਰੀ ਅਤੇ ਨਿੱਘੀ ਯਾਦ ਵਿੱਚ ਵੱਖ ਵੱਖ ਸ਼ਹੀਦੀ ਪਰਿਵਾਰਾਂ ਨੇ ਹਾਜ਼ਰੀ ਭਰੀ ਅਤੇ ਉਨਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਹੋਰ ਵੀ ਧਾਰਮਿਕ ਸਖਸ਼ੀਅਤਾਂ ਵੱਲੋਂ ਹਾਜ਼ਰੀ ਲਗਵਾਈ ਗਈ। ਅੰਮ੍ਰਿਤ ਵੇਲੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਅਨੰਦ ਸਾਹਿਬ ਤੋਂ ਬਾਅਦ ਅਰਦਾਸ ਬੇਨਤੀ ਕੀਤੀ ਗਈ। ਉਪਰੰਤ ਕੀਰਤਨ ਦਰਬਾਰ ਸਜਾਇਆ ਗਿਆ, ਇਸਤੋਂ ਉਪਰੰਤ ਵੱਖ ਵੱਖ ਬੁਲਾਰਿਆਂ ਨੇ ਆਪਣੇ ਵਿਚਾਰ ਪੇਸ਼ ਕੀਤੇ। ਸਮਾਪਤੀ ਉਪਰੰਤ ਗੁਰੂ ਦੇ ਲੰਗਰ ਅਤੁੱਟ ਵਰਤਾਏ ਗਏ। ਇਸ ਮੌਕੇ ਹਾਜ਼ਰ ਬੀਬੀ ਚਰਨਜੀਤ ਕੌਰ ਮੋਗਾ (ਮਾਤਾ, ਸ਼ਹੀਦ ਭਾਈ ਅਵਤਾਰ ਸਿੰਘ ਖੰਡਾ), ਭਾਈ ਰਜਿੰਦਰ ਸਿੰਘ ਮੁਗਲਵਾਲ, ਕਰਮਜੀਤ ਸਿੰਘ ਸੁਨਾਮ ਕੌਮੀ ਯੋਧਾ LLB, ਭਾਈ ਕੁਲਬੀਰ ਸਿੰਘ ਬੜਾਪਿੰਡ, ਬੰਦੀ ਸਿੰਘ ਭਾਈ ਲਾਲ ਸਿੰਘ ਅਕਾਲਗੜ੍ਹ, ਨੌਬਲਜੀਤ ਸਿੰਘ ਆਵਾਜਿ ਕੌਮ, ਮਨਦੀਪ ਕੌਰ ਸੰਧੂ ਮੀਤ ਪ੍ਰਧਾਨ ਇਸਤਰੀ ਵਿੰਗ ਪੰਜਾਬ(ਅਕਾਲੀ ਦਲ ਅੰਮ੍ਰਿਤਸਰ) ਕੁਲਵਿੰਦਰ ਸਿੰਘ ਬਠਿੰਡਾ ਕੀਰਤਨੀ ਜਥਾ, ਜਸਵੀਰ ਸਿੰਘ ਮਾਨ ਅਕਾਲੀ ਢਾਡੀ ਜੱਥਾ, ਭਾਈ ਪਰਮਜੀਤ ਸਿੰਘ ਮੰਡ ਦਲ ਖਾਲਸਾ, ਪ੍ਰਬੰਧਕ: ਬੇਨਤੀ ਕਰਤਾ ਭਾਈ ਸੁਖਜੀਤ ਸਿੰਘ ਖੋਸੇ, ਅਤੇ ਸਮੂਹ ਸੰਗਤਾਂ, ਪਿੰਡ ਵਾਸੀ।




(ਹੋਰ ਤਸਵੀਰਾਂ ਅਗਲੇ ਪੰਨਿਆਂ 'ਤੇ)

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

**ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਦੀ ਯਾਦ ਨੂੰ ਸਮਰਪਿਤ**

# ਦੂਜਾ ਸ਼ਹੀਦੀ ਸਮਾਗਮ ਪਿੰਡ ਖੋਸਾ ਨੇੜੇ ਲੋਹੀਆਂ ਖਾਸ (ਜਲੰਧਰ) ਵਿਖੇ ਮਨਾਇਆ ਗਿਆ

**ਧਾਰਮਿਕ ਸਖਸ਼ੀਅਤਾਂ ਵੱਲੋਂ ਹਾਜ਼ਰੀ ਲਗਵਾਈ ਗਈ। ਅੰਮ੍ਰਿਤ ਵੇਲੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਅਨੰਦ ਸਾਹਿਬ ਤੋਂ ਬਾਅਦ ਅਰਦਾਸ ਬੇਨਤੀ ਕੀਤੀ ਗਈ। ਉਪਰੰਤ ਕੀਰਤਨ ਦਰਬਾਰ ਸਜਾਇਆ ਗਿਆ, ਇਸਤੋਂ ਉਪਰੰਤ ਵੱਖ ਵੱਖ ਬੁਲਾਰਿਆਂ ਨੇ ਆਪਣੇ ਵਿਚਾਰ ਪੇਸ਼ ਕੀਤੇ।**


















ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243






ੴ ਸਤਿਗੁਰ ਪ੍ਰਸਾਦਿ

ਸਿਖਹੁ ਸੁਣਹੁ ਸੀਖ ਇਹ ਮੇਰੀ ॥ ਬਾਣੀ ਪੜਹੁ ਸੁਧ ਗੁਰ ਕੇਰੀ ॥ ਪੜ੍ਹੈ ਮਹਾਤਮ ਲਹੈ ਬਿਸਾਲਾ ॥ ਹਲਤ ਪਲਤ ਮਹਿ ਹੋਇ ਨਿਹਾਲਾ ॥

# ਗੁਰਦੁਆਰਾ ਸਾਹਿਬ ਰਿਵਰਸਾਈਡ

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ,
ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ 350 ਸਾਲਾ ਗੁਰਤਾਗੱਦੀ ਸ਼ਤਾਬਦੀ ਅਤੇ ਭਾਈ ਮਤੀ ਦਾਸ ਜੀ,
ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ







ਦਮਦਮੀ ਟਕਸਾਲ ਦੇ ਮੌਜੂਦਾ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵੱਲੋਂ
ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਦੇ ਸਹਿਯੋਗ ਨਾਲ

## ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ੁੱਧ ਪਾਠ ਬੋਧ (ਸੰਥਿਆ) ਸਮਾਗਮ



ਜੂਨ 29, 2025 ਤੋਂ ਅਗਸਤ 3, 2025 ਤੱਕ
ਸ਼ਨੀਵਾਰ ਅਤੇ ਐਤਵਾਰ ਦੁਪਹਿਰ 2:00 ਤੋਂ 5:00 ਵਜੇ ਤੱਕ
ਸੋਮਵਾਰ ਤੋਂ ਸ਼ੁੱਕਰਵਾਰ ਸ਼ਾਮ 5:00 ਤੋ 8:00 ਵਜੇ ਤੱਕ



ਸੰਗਤਾਂ ਨੂੰ ਬੇਨਤੀ ਹੈ ਕਿ ਗੁਰਬਾਣੀ ਦੇ ਸ਼ੁੱਧ ਉਚਾਰਨ ਸਿੱਖਣ ਲਈ ਸਮਾਗਮਾਂ ਵਿੱਚ ਸ਼ਾਮਿਲ ਹੋ ਕੇ ਲਾਹਾ ਪ੍ਰਾਪਤ ਕਰੋ ਜੀ

YouTube LIVE STREAM @gurdwarasahibriverside
951-201-7034, 832-541-9136, 951-685-9701

7940 Mission Blvd Jurupa Valley 92509

ਆਵਾਜ਼ਿ ਕੌਮ AWAZE QAUM
International Newspaper & WEB TV





--✶ ਗੁਰੂ ਪੰਥ ਦਾ ਸੇਵਾਦਾਰ ✶--

# ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ

ਮੁਖੀ ਦਮਦਮੀ ਟਕਸਾਲ,
ਜਥਾ ਭਿੰਡਰਾਂ, ਮਹਿਤਾ

ਅਤੇ ਪ੍ਰਧਾਨ ਸੰਤ ਸਮਾਜ

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇਹੇਤ
ਪੁਰਜਾਪੁਰਜਾਕਿਟਮਰੈਕਬਹੂਨ ਛਾਡੈ ਖੇਤੁ ॥੨॥੨॥'



Dhan Dhan Shaheed Baba Banda Singh Ji Bahadur De Shaheedi Yaad.
Vich Annual Akhand Path Sahib

**Akhand Path Aram Friday 4th July – 10.00am**

**Akhand Path Bhog**
**Sunday 6th July 10.00am**

ਆਵਾਜ਼ਿ ਕੌਮ
AWAZE QAUM
International Newspaper & WEB TV

**After Bhog; Kirtan, and**
**Guru Ka Langar.**
**Please join us with your family and friends.**

Guru Nanak Gurudwara, Wednesfield 96 Well Lane, Wednesfield
WV1 1XT Contact: J Singh 07401259555 P Singh 7764707028

ਖ਼ਾਲਿਸਤਾਨੀ ਯੋਧੇ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਦਾ ਸ਼ਹੀਦੀ ਸਮਾਗਮ ਖ਼ਾਲਸਾਈ ਜਾਹੋ-ਜਲਾਲ ਨਾਲ ਕਰਵਾਇਆ

# ਸ਼ਹੀਦਾਂ ਦਾ ਖ਼ਾਲਿਸਤਾਨ ਦਾ ਸੁਪਨਾ ਜਲਦ ਸਾਕਾਰ ਹੋਵੇਗਾ : ਪੰਥਕ ਆਗੂ

**ਜਲੰਧਰ, 29 ਜੂਨ (ਆਵਾਜ਼ਿ ਕੌਮ ਬਿਊਰੋ)**-ਅੱਜ ਖ਼ਾਲਿਸਤਾਨੀ ਯੋਧੇ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਦੀ ਯਾਦ 'ਚ ਮਹਾਨ ਸ਼ਹੀਦੀ ਸਮਾਗਮ ਪਿੰਡ ਖੋਸਾ, ਜ਼ਿਲ੍ਹਾ ਜਲੰਧਰ ਦੇ ਗੁਰਦੁਆਰਾ ਸਾਹਿਬ ਵਿਖੇ ਖ਼ਾਲਸਾਈ ਜਾਹੋ-ਜਲਾਲ ਨਾਲ ਮਨਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਰਾਗੀਆਂ, ਕਵੀਸ਼ਰਾਂ ਤੇ ਢਾਡੀਆਂ ਨੇ ਸੰਗਤਾਂ ਨੂੰ ਨਿਹਾਲ ਕੀਤਾ। ਫਿਰ ਵੱਖ-ਵੱਖ ਪੰਥਕ ਜਥੇਬੰਦੀਆਂ ਦੇ ਆਗੂਆਂ, ਸੰਘਰਸ਼ਸ਼ੀਲ ਯੋਧਿਆਂ ਤੇ ਹੋਰ ਬੁਲਾਰਿਆਂ ਨੇ ਸੰਗਤਾਂ ਨੂੰ ਸੰਬੋਧਨ ਕੀਤਾ। ਵਿਸ਼ੇਸ਼ ਤੌਰ 'ਤੇ ਇਸ ਸਮਾਗਮ ਦੇ ਪ੍ਰਬੰਧਕ ਭਾਈ ਸੁਖਜੀਤ ਸਿੰਘ ਖੋਸੇ (ਪ੍ਰਧਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ), ਅਵਾਜ਼ੇ ਕੌਮ ਦੇ ਆਗੂ ਭਾਈ ਨੋਬਲਜੀਤ ਸਿੰਘ ਬੁੱਲੋਵਾਲ, ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਭਾਈ ਰਜਿੰਦਰ ਸਿੰਘ ਮੁਗਲਵਾਲ, ਭਾਈ ਕਰਮਜੀਤ ਸਿੰਘ ਸੁਨਾਮ, ਭਾਈ ਭੁਪਿੰਦਰ ਸਿੰਘ ਸੱਜਣ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਆਗੂ ਡਾਕਟਰ ਹਰਜਿੰਦਰ ਸਿੰਘ ਜੱਖੂ, ਭਾਈ ਗੁਰਭਾਗ ਸਿੰਘ ਮਰੂੜ, ਸ਼ਹੀਦ ਭਾਈ ਅਵਤਾਰ ਸਿੰਘ ਖੰਡਾ ਦੇ ਮਾਤਾ ਜੀ ਬੀਬੀ ਚਰਨਜੀਤ ਕੌਰ ਖੁਖਰਾਣਾ, ਬਾਬਾ ਬਖਸ਼ੀਸ਼ ਸਿੰਘ, ਭਾਈ ਸੁਖਰਾਜ ਸਿੰਘ ਨਿਆਮੀਵਾਲਾ (ਸਪੁੱਤਰ ਸ਼ਹੀਦ ਕ੍ਰਿਸ਼ਨ ਭਗਵਾਨ ਸਿੰਘ), ਭਾਈ ਪ੍ਰਗਟ ਸਿੰਘ ਮੁੱਦਕੀ, ਭਾਈ ਹਰਪ੍ਰੀਤ ਸਿੰਘ ਮੱਖੂ, ਭਾਈ ਪਰਮਜੀਤ ਸਿੰਘ ਬਾਗੀ ਆਦਿ ਨੇ ਵਿਚਾਰਾਂ ਦੀ ਸਾਂਝ ਕਰਦਿਆਂ ਕਿਹਾ ਕਿ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਰੋਮ ਰੋਮ ਕਰਕੇ ਪੰਥ ਨੂੰ ਸਮਰਪਿਤ ਯੋਧਾ ਸੀ, ਜਿਸ ਦੀ ਸ਼ਹਾਦਤ ਨੇ ਦੁਨੀਆਂ ਭਰ ਵਿੱਚ ਖ਼ਾਲਸਾ ਪੰਥ ਅਤੇ ਖ਼ਾਲਿਸਤਾਨ ਦੇ ਡੰਕੇ ਵਜਾਏ ਅਤੇ ਭਾਰਤ ਸਰਕਾਰ ਦਾ ਧੰਨਵਾਦ ਖ਼ੂਨੀ ਚਿਹਰਾ ਨੰਗਾ ਕੀਤਾ। ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਵੱਲੋਂ ਅਰੰਭਿਆ ਸੰਘਰਸ਼ ਅੱਜ ਵੀ ਜਾਰੀ ਅਤੇ ਇਹ ਖ਼ਾਲਿਸਤਾਨ ਦੇ ਨਿਸ਼ਾਨੇ ਦੀ ਪੂਰਤੀ ਤੱਕ ਜਾਰੀ ਰਹੇਗਾ। ਉਹਨਾਂ ਕਿਹਾ ਕਿ ਜਬਰ ਜ਼ੁਲਮ ਦੇ ਖਿਲਾਫ਼ ਜੂਝਣਾ ਸਾਡੇ ਗੁਰੂ ਸਾਹਿਬਾਨਾਂ ਨੇ ਸਿਖਾਇਆ ਹੈ। ਉਹਨਾਂ ਨੇ ਕੈਨੇਡਾ ਸਰਕਾਰ ਨੂੰ ਅਪੀਲ ਕੀਤੀ ਕਿ ਭਾਈ ਹਰਦੀਪ ਸਿੰਘ ਨਿੱਝਰ ਦੇ ਸਾਰੇ ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ। ਉਹਨਾਂ ਕਿਹਾ ਕਿ ਭਾਈ ਹਰਦੀਪ ਸਿੰਘ ਨਿੱਝਰ ਨੂੰ ਇਹ ਸੱਚੀ ਸ਼ਰਧਾਂਜਲੀ ਹੋਵੇਗੀ ਕਿ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗੀਏ, ਖੰਡੇ ਬਾਟੇ ਦਾ ਅੰਮ੍ਰਿਤ ਛਕੀਏ ਤੇ ਕੌਮ ਦੀ ਆਜ਼ਾਦੀ ਲਈ ਸੰਘਰਸ਼ਸ਼ੀਲ ਹੋਈਏ। ਭਾਈ ਸੁਖਜੀਤ ਸਿੰਘ ਖੋਸੇ ਨੇ ਸਭ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਪੰਜਾਬ ਗੁਰੂਆਂ ਦੀ ਧਰਤੀ ਹੈ, ਸਾਨੂੰ ਸ਼ਹੀਦਾਂ ਨੂੰ ਯਾਦ ਕਰਨ ਤੋਂ ਕੋਈ ਨਹੀਂ ਰੋਕ ਸਕਦਾ, ਸ਼ਹੀਦਾਂ ਦੀ ਯਾਦ ਵਿੱਚ ਇਸੇ ਤਰ੍ਹਾਂ ਪ੍ਰੋਗਰਾਮ ਕੀਤੇ ਜਾਇਆ ਕਰਨਗੇ। ਉਹਨਾਂ ਕਿਹਾ ਕਿ ਇਸ ਸਮਾਗਮ ਦੀ ਸੇਵਾ ਦਾਸ ਪਾਸੋਂ ਖ਼ੁਦ ਗੁਰੂ ਸਾਹਿਬ ਨੇ ਲਈ ਹੈ, ਉਹਨਾਂ ਨੇ ਜਰਮਨ ਨਿਵਾਸੀ ਭਾਈ ਪ੍ਰਗਟ ਸਿੰਘ ਨਿੱਝਰ ਰਿਬੈਰੋ ਕਾਂਡ ਅਤੇ ਅਮਰੀਕਾ ਨਿਵਾਸੀ ਭਾਈ ਸੁਰਿੰਦਰ ਸਿੰਘ ਠੀਕਰੀਵਾਲ ਦਾ ਧੰਨਵਾਦ ਵੀ ਕੀਤਾ। ਇਸ ਮੌਕੇ ਖ਼ੂਨਦਾਨ ਕੈਂਪ ਵੀ ਲਗਾਇਆ ਗਿਆ ਜਿਸ ਵਿੱਚ ਅਨੇਕਾਂ ਲੋਕਾਂ ਨੇ ਖ਼ੂਨਦਾਨ ਕੀਤਾ। ਆਗੂਆਂ ਨੇ ਕਿਹਾ ਕਿ ਭਾਰਤ ਸਰਕਾਰ ਨੇ ਭਾਈ ਹਰਦੀਪ ਸਿੰਘ ਨਿੱਝਰ ਦਾ 18 ਜੂਨ 2023 ਨੂੰ ਕੈਨੇਡਾ ਵਿੱਚ ਗੋਲ਼ੀਆਂ ਮਾਰ ਕੇ ਖ਼ੂਨ ਪੀਤਾ ਪਰ ਭਾਈ ਹਰਦੀਪ ਸਿੰਘ ਨਿੱਝਰ ਦੀ ਯਾਦ ਵਿੱਚ ਅਨੇਕਾਂ ਲੋਕ ਮਨੁੱਖਤਾ ਦੀ ਭਲਾਈ ਲਈ ਖ਼ੂਨਦਾਨ ਕਰ ਰਹੇ ਹਨ। ਇਸ ਮੌਕੇ ਯੂਨਾਈਟਿਡ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਭਾਈ ਜੁਗਰਾਜ ਸਿੰਘ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਇਸਤਰੀ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਬੀਬੀ ਕੁਲਵਿੰਦਰ ਕੌਰ ਤੁਗਲਵਾਲਾ, ਬੀਬੀ ਮਨਦੀਪ ਕੌਰ, ਰਣਵੀਰ ਸਿੰਘ ਬੈਂਸਤਾਨੀ, ਸੁਰਜੀਤ ਸਿੰਘ ਖਾਲਿਸਤਾਨੀ, ਭਾਈ ਗੁਰਪ੍ਰੀਤ ਸਿੰਘ ਹਰੀਨੌਂ ਦਾ ਪਰਿਵਾਰ, ਭਾਈ ਜੋਗਾ ਸਿੰਘ ਖਾਲਿਸਤਾਨੀ ਦਾ ਪਰਿਵਾਰ, ਧੰਨਾ ਸਿੰਘ ਫੂਲੇਵਾਲ, ਬਲਜੀਤ ਸਿੰਘ ਫੂਲੇਵਾਲ, ਮਨਪ੍ਰੀਤ ਸਿੰਘ ਆਜ਼ਾਦ, ਜਸਵਿੰਦਰ ਸਿੰਘ, ਹਰਵਿੰਦਰ ਸਿੰਘ, ਬਲਵਿੰਦਰ ਸਿੰਘ ਸਾਬਕਾ ਸਰਪੰਚ, ਸਵਰਨ ਸਿੰਘ ਨੰਬਰਦਾਰ ਖੋਸੇ, ਬਲਜੀਤ ਕੌਰ ਸਰਪੰਚ ਖੋਸੇ, ਗੁਰਪ੍ਰੀਤ ਸਿੰਘ ਖੋਸੇ, ਅਮਰਜੀਤ ਸਿੰਘ ਖੋਸੇ, ਸਵਰਨ ਸਿੰਘ ਮੈਂਬਰ, ਜਸਵੀਰ ਸਿੰਘ, ਰਾਜਵਿੰਦਰ ਕੌਰ ਖੋਸੇ, ਸਤਨਾਮ ਸਿੰਘ ਚੰਦੜ, ਸ਼ਰਨਜੀਤ ਸਿੰਘ, ਰੁਪਿੰਦਰ ਸਿੰਘ ਪੰਜਗਰਾਈਂ, ਮਾਸਟਰ ਹਰਜਿੰਦਰ ਸਿੰਘ ਫਤਿਹ ਯੂਨੀਅਨ, ਕੁਲਵਿੰਦਰ ਸਿੰਘ, ਕੁਲਦੀਪ ਸਿੰਘ, ਨਿਰਮਲ ਸਿੰਘ ਧਰਮਕੋਟ, ਗੁਰਬਖਸ਼ ਸਿੰਘ ਭੈਣੀ, ਗੁਰਬਚਨ ਸਿੰਘ ਭੈਣੀ, ਬਾਬਾ ਦਾਰਾ ਸਿੰਘ, ਮੋਹਣ ਸਿੰਘ, ਸੁਤੰਤਰਦੀਪ ਸਿੰਘ, ਅਮਰੀਕ ਸਿੰਘ, ਜਗਤਾਰ ਸਿੰਘ, ਗੁਰਮੇਲ ਸਿੰਘ, ਡਾਕਟਰ ਜਗਜੀਤ ਸਿੰਘ, ਪ੍ਰਦੀਪ ਸਿੰਘ ਖਹਿਰਾ, ਆਤਮਾ ਸਿੰਘ ਮੋਹਣ ਸਿੰਘ, ਜਸਵੀਰ ਸਿੰਘ, ਹਰਜੀਤ ਸਿੰਘ, ਗੁਰਜੀਤ ਢਿੱਲੋਂ, ਅਨੰਤ ਬਰਾੜ ਸਾਗਰ, ਲਖਬੀਰ ਸਿੰਘ, ਦਲੀਪ ਕੌਰ ਅਤੇ ਹੋਰ ਹਾਜ਼ਰ ਸਨ। ਭਾਈ ਸੁਖਜੀਤ ਸਿੰਘ ਖੋਸੇ ਅਤੇ ਹੋਰ ਪ੍ਰਬੰਧਕਾਂ ਵੱਲੋਂ ਸਮੂਹ ਬੁਲਾਰਿਆਂ ਅਤੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਸ਼ੀਲਡਾਂ ਅਤੇ ਸਿਰੋਪਿਆਂ ਨਾਲ ਸਨਮਾਨਿਤ ਵੀ ਕੀਤਾ ਗਿਆ। ਗੁਰੂ ਕੇ ਲੰਗਰ ਅਤੁੱਟ ਵਰਤੇ।




ਸੰਤ ਬਾਬਾ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਬਰਸੀ ਸਮਾਗਮ ਨੂੰ ਮੁੱਖ ਰੱਖਦਿਆਂ

# ਸੰਗਤਾਂ ਵੱਲੋਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਜਾਪ

☛ ਸ਼ਹੀਦ ਭਾਈ ਸਰਵਣ ਸਿੰਘ ਜੀ ਵਾੜਾ ਸ਼ੇਰ ਸਿੰਘ ਅਤੇ ਸਮੂਹ ਸ਼ਹੀਦਾਂ ਸਿੰਘਾਂ ਦੀ ਯਾਦ ਵਿਚ ਹਫਤਾਵਾਰੀ ਸਮਾਗਮ ☛ ਇੰਟਰਨੈਸ਼ਨਲ ਪੰਥਕ ਦਲ ਦੇ ਮੁੱਖ ਸਲਾਹਕਾਰ ਬਾਬਾ ਸੱਜਣ ਸਿੰਘ ਜੀ ਵੱਲੋਂ ਆਈਆਂ ਹੋਈਆਂ ਸੰਗਤਾ ਨੂੰ ਜੀ ਆਇਆ ਕਿਹਾ ਅਤੇ ਧੰਨਵਾਦ ਕੀਤਾ



ਤਰਨਤਾਰਨ (ਮਨਪ੍ਰੀਤ ਸਿੰਘ ਵਾੜਾ ਸ਼ੇਰ ਸਿੰਘ )ਸੰਤ ਬਾਬਾ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਬਰਸੀ ਸਮਾਗਮ ਅਤੇ ਜੂਨ 1984 ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਸ਼ਹੀਦੀ ਪ੍ਰਾਪਤ ਕਰਨ ਵਾਲੇ ਸ਼ਹੀਦ ਭਾਈ ਸਰਵਣ ਸਿੰਘ ਜੀ ਵਾੜਾ ਸ਼ੇਰ ਸਿੰਘ ਅਤੇ ਸਮੂਹ ਸ਼ਹੀਦ ਸਿੰਘਾਂ ਦੀ ਯਾਦ ਵਿਚ ਹਫਤਾਵਾਰੀ ਸਮਾਗਮ ਅਤੇ ਸੰਗਤਾਂ ਵੱਲੋ ਰਲ ਮਿਲ ਕੇ ਸ੍ਰੀ ਸੁਖਮਨੀ ਸਾਹਿਬ ਅਤੇ ਚੌਪਈ ਸਾਹਿਬ ਜੀ ਦੇ ਪਾਠ ਕੀਤੇ ਗਏ। ਆਈਆਂ ਸੰਗਤਾਂ ਵਾਸਤੇ ਸਰਦਾਈ ਦੇ ਲੰਗਰ ਤਿਆਰ ਕੀਤਾ ਗਿਆ ।ਬਾਬਾ ਸੱਜਣ ਸਿੰਘ ਜੀ ਸਪੁੱਤਰ ਸ਼ਹੀਦ ਭਾਈ ਸਰਵਣ ਸਿੰਘ ਜੀ ਵਾੜਾ ਸ਼ੇਰ ਸਿੰਘ ਵਾਲਿਆਂ ਵੱਲੋਂ ਆਈਆਂ ਹੋਈਆਂ ਸੰਗਤਾ ਨੂੰ ਜੀ ਆਇਆ ਕਿਹਾ ਅਤੇ ਧੰਨਵਾਦ ਕੀਤਾ ।ਇਸ ਮੌਕੇ ਬਾਬਾ ਅਜੈਬ ਸਿੰਘ ਜੀ ਵਿਦਿਆਰਥੀ ਦਮਦਮੀ ਟਕਸਾਲ, ਸ਼ਹੀਦ ਭਾਈ ਸਰਵਣ ਸਿੰਘ ਜੀ ਦੀ ਧਰਮ ਸਪਤਨੀ ਬੀਬੀ ਗੁਰਵਿੰਦਰ ਕੌਰ, ਜੱਥੇਦਾਰ ਦੇਵਾ ਸਿੰਘ ਜੀ, ਭਾਈ ਅੰਮ੍ਰਿਤ ਪਾਲ ਸਿੰਘ ਜੀ ਅਜਨਾਲਾ, ਲਵਪ੍ਰੀਤ ਸਿੰਘ ਵਾੜਾ ਸ਼ੇਰ ਸਿੰਘ, ਜਸਕਰਨ ਸਿੰਘ, ਕਰਨਬੀਰ ਸਿੰਘ, ਸਿਮਰਨਜੀਤ ਸਿੰਘ,ਰਾਗੀ ਭਾਈ ਕਿਰਪਾਲ ਸਿੰਘ,ਸ੍ਰ ਗੁਰਬਖਸ ਸਿੰਘ ਅਤੇ ਹੋਰ ਸੰਗਤਾਂ ਹਾਜਰ ਸਨ।

# ਇੱਕ ਨਜ਼ਰ...



## ਗੰਨਾ ਉਤਪਾਦਕ ਸੰਘਰਸ਼ ਕਮੇਟੀ ਦੀ ਕਨਵੈਂਸ਼ਨ ਆਯੋਜਿਤ

ਹੁਸ਼ਿਆਰਪੁਰ, 29 ਜੂਨ (ਆਵਾਜ਼ਿ ਕੌਮ ਬਿਊਰੋ)-ਅੱਜ ਗੰਨਾ ਉਤਪਾਦਕ ਸੰਘਰਸ਼ ਕਮੇਟੀ, ਪੰਜਾਬ ਵੱਲੋਂ ਬਲਾਕ ਮੁਕੇਰੀਆਂ ਵਿਖੇ ਕਨਵੈਂਸ਼ਨ ਆਯੋਜਿਤ ਕੀਤੀ ਗਈ। ਕਨਵੈਂਸ਼ਨ ਦੀ ਪ੍ਰਧਾਨਗੀ ਅਮਰਜੀਤ ਸਿੰਘ ਕਾਨੂੰਨਗੋ, ਤ੍ਰਿਲੋਕ ਸਿੰਘ ਕਾਲੂ ਚਾਂਹਗ, ਦੇਸਾ ਸਿੰਘ ਅੰਮ੍ਰਿਤਸਰ, ਕੁਲਦੀਪ ਸਿੰਘ ਫਿਲੌਰ ਅਤੇ ਸਵਰਨ ਸਿੰਘ ਨੇ ਕੀਤੀ। ਜ਼ਮਹੂਰੀ ਕਿਸਾਨ ਸਭਾ, ਪੰਜਾਬ ਦੇ ਪ੍ਰਧਾਨ ਡਾ ਸਤਨਾਮ ਸਿੰਘ ਅਜਨਾਲਾ ਮੁੱਖ ਬੁਲਾਰੇ ਵਜੋਂ ਸ਼ਾਮਲ ਹੋਏ। ਇਸ ਮੌਕੇ ਗੰਨਾ ਕਿਸਾਨਾਂ ਦੀਆਂ ਲੋੜਾਂ, ਦਰਪੇਸ਼ ਮੁਸ਼ਕਲਾਂ ਆਦਿ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਆਪਣੇ ਕੂੰਜੀਵਤ ਭਾਸ਼ਣ 'ਚ ਡਾ ਸਤਨਾਮ ਸਿੰਘ ਅਜਨਾਲਾ ਨੇ ਗੰਨੇ ਦੀਆਂ ਕਿਸਮਾਂ ਅਤੇ ਸੁਧਾਰਾਂ ਬਾਰੇ ਵਿਸਥਾਰ ਪੂਰਵਕ ਚਰਚਾ ਕੀਤੀ। ਉਨ੍ਹਾਂ ਗੰਨਾ ਕਾਸ਼ਤਕਾਰਾਂ ਦੀਆਂ ਸਮਸਿਆਵਾਂ ਅਤੇ ਉਨ੍ਹਾਂ ਦੇ ਯੋਗ ਹੱਲ ਦੇ ਸੁਝਾਅ ਦਿੱਤੇ। ਇਸ ਮੌਕੇ ਖੰਡ ਮਿੱਲ ਮੁਕੇਰੀਆਂ ਨਾਲ ਸਬੰਧਤ ਮਾਮਲਿਆਂ 'ਤੇ ਵੀ ਵਿਚਾਰ ਚਰਚਾ ਕੀਤੀ। ਕਨਵੈਂਸ਼ਨ 'ਚ ਤਹਿਸੀਲ ਮੁਕੇਰੀਆਂ ਦੇ ਵੱਡੀ ਗਿਣਤੀ ਵਿੱਚ ਗੰਨਾ ਉਤਪਾਦਕ ਸ਼ਾਮਲ ਹੋਏ। ਹੋਰਨਾਂ ਤੋਂ ਇਲਾਵਾ ਇਸ ਮੌਕੇ 'ਤੇ ਸੁਰਜੀਤ ਸਿੰਘ ਗੁਰਦਾਸਪੁਰ, ਜਗੀਰ ਸਿੰਘ ਤਰਨ ਤਾਰਨ, ਸੁਰਜੀਤ ਸਿੰਘ ਘੁਮਾਣ, ਸਰਬਜੀਤ ਸਿੰਘ ਫਿਲੌਰ ਆਦਿ ਨੇ ਵੀ ਸੰਬੋਧਨ ਕੀਤਾ।

## 'ਸੰਵਿਧਾਨ ਬਚਾਓ ਰੈਲੀਆਂ ਕਰਨ ਵਾਲੇ ਸੰਵਿਧਾਨ ਲਿਖਣ ਵਾਲੇ ਡਾ. ਅੰਬੇਡਕਰ ਦੇ ਅਪਮਾਨ ਤੇ ਕਿਓਂ ਨਹੀਂ ਬੋਲਦੇ'

ਹੁਸ਼ਿਆਰਪੁਰ, 29 ਜੂਨ (ਆਵਾਜ਼ਿ ਕੌਮ ਬਿਊਰੋ)-ਭਾਰਤੀ ਸੰਵਿਧਾਨ ਨਿਰਮਾਤਾ, ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਬੁੱਤਾਂ ਦੇ ਅਪਮਾਨ ਦੇ ਵਿਰੋਧ ਵਿੱਚ ਬਹੁਜਨ ਸਮਾਜ ਪਾਰਟੀ ਵਲੌਂ ਸ੍ਰੀ ਖੁਰਾਲਗੜ ਸਾਹਿਬ ਤੋਂ ਗੜਸ਼ੰਕਰ ਤੱਕ ਕੀਤੇ ਜ਼ੋਰਦਾਰ ਰੋਸ ਵਿਖਾਵੇ ਦਾ ਅਸਰ ਦਿਖਾਈ ਦੇਣਾ ਸ਼ੁਰੂ ਹੋ ਗਿਆ ਹੈ ,ਹਮੇਸ਼ਾ ਬਾਬਾ ਸਾਹਿਬ ਦਾ ਵਿਰੋਧ ਕਰਨ ਵਾਲੀ ਕਾਂਗਰਸ ਨੂੰ ਸੰਵਿਧਾਨ ਬਚਾਉਣ ਦੀ ਚਿੰਤਾ ਲੱਗ ਗਈ ਹੈ। ਇਨਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਬਸਪਾ ਪੰਜਾਬ ਦੇ ਇੰਚਾਰਜ ਚੌਧਰੀ ਗੁਰਨਾਮ ਸਿੰਘ, ਠੇਕੇਦਾਰ ਭਗਵਾਨ ਦਾਸ ਸਿੱਧੂ ਜਨਰਲ ਸਕੱਤਰ ਪੰਜਾਬ, ਐਡਵੋਕੇਟ ਪਲਵਿੰਦਰ ਮਾਨਾ ਇੰਚਾਰਜ ਵਿਧਾਨ ਸਭਾ ਹਲਕਾ ਚੱਬੇਵਾਲ ਨੇ ਕਿਹਾ ਕਿ ਸੰਵਿਧਾਨ ਬਚਾਓ ਰੈਲੀਆਂ ਕਰਨ ਵਾਲੇ ਸੰਵਿਧਾਨ ਲਿਖਣ ਵਾਲੇ ਡਾ. ਅੰਬੇਡਕਰ ਦੇ ਬੁੱਤਾਂ ਦੇ ਅਪਮਾਨ ਤੇ ਕਿਓਂ ਨਹੀਂ ਬੋਲਦੇ। ਉਨਾਂ ਕਿਹਾ ਕਿ ਕਾਂਗਰਸ, ਭਾਜਪਾ, ਅਕਾਲੀ ਅਤੇ ਆਮ ਆਦਮੀ ਪਾਰਟੀ ਨੇ ਹਮੇਸ਼ਾਂ ਬਾਬਾ ਸਾਹਿਬ ਦਾ ਨਾਮ ਲੈ ਕੇ ਬਹੁਜਨ ਸਮਾਜ ਨੂੰ ਗੁੰਮਰਾਹ ਕੀਤਾ ਹੈ। ਇਹ ਪਾਰਟੀਆਂ ਕਹਿੰਦੀਆਂ ਕੁੱਝ ਹੋਰ ਹਨ ਪਰ ਜ਼ਮੀਨੀ ਪੱਧਰ ਤੇ ਕਰਦੀਆਂ ਕੁੱਝ ਹੋਰ ਹਨ, ਇਨਾਂ ਨੇ ਹਮੇਸ਼ਾ ਗਰੀਬ ਦਲਿਤ ਸਮਾਜ ਦਾ ਸ਼ੋਸ਼ਣ ਹੀ ਕੀਤਾ ਹੈ। ਬਸਪਾ ਆਗੂਆਂ ਨੇ ਕਿਹਾ ਕਿ ਬਸਪਾ ਨੇ "ਪੰਜਾਬ ਸੰਭਾਲੋ ਮੁਹਿੰਮ" ਤਹਿਤ ਨਸ਼ਿਆਂ, ਬੇਰੁਜ਼ਗਾਰੀ, ਮਹਿੰਗਾਈ, ਸਿੱਖਿਆ ਨੀਤੀ, ਭ੍ਰਿਸ਼ਟਾਚਾਰ ਅਤੇ ਪਵਿੱਤਰ ਧਰਤੀ ਸ੍ਰੀ ਖੁਰਾਲਗੜ ਸਾਹਿਬ ਵਿਚੋਂ ਸ਼ਰਾਬ ਦਾ ਠੇਕਾ ਤੇ ਨਜਾਇਜ ਬ੍ਰਾਂਚਾਂ ਬੰਦ ਕਰਾਉਣ ਲਈ ਅੰਦੋਲਨ ਸ਼ੁਰੂ ਕੀਤਾ ਹੈ ਜਿਸ ਤਹਿਤ ਪੰਜਾਬ ਵਿੱਚ ਬਲਾਕ ਪੱਧਰ ਤੇ ਸਰਕਾਰ ਦੇ ਪੁਤਲੇ ਫੂਕ ਕੇ ਪ੍ਰਦਰਸ਼ਨ ਕੀਤੇ ਜਾਣਗੇ। ਆਗੂਆਂ ਨੇ ਕਿਹਾ ਕਿ ਬਹੁਜਨ ਸਮਾਜ ਪਾਰਟੀ ਵਲੋਂ ਬਸਪਾ ਪੰਜਾਬ ਦੇ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਸਾਬਕਾ ਮੈਂਬਰ ਰਾਜ ਸਭਾ ਦੀ ਯੋਗ ਅਗਵਾਈ ਹੇਠ ਸਕੂਲਾਂ, ਕਲਿਜਾਂ, ਯੂਨੀਵਰਸਿਟੀਆਂ ਵਿਚ ਪੋਸਟ ਮੈਟ੍ਰਿਕ ਸਕਾਲਰਸ਼ਿਪ ਪੂਰੀ ਤਰਾਂ ਲਾਗੂ ਕਰਾਉਣ, ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦੇਣ, ਸਿੱਖਿਆ ਕ੍ਰਾਂਤੀ ਤਹਿਤ ਸਕੂਲਾਂ ਚ 100% ਅਧਿਆਪਕ ਭਰਤੀ ਕਰਨ, ਮੁਫਤ ਅਤੇ ਲਾਜ਼ਮੀ ਸਿੱਖਿਆ ਦਾ ਕਾਨੂੰਨ ਲਾਗੂ ਕਰਨ, ਪੰਜਾਬ ਦੀ ਤਰੱਕੀ ਵਿਕਾਸ ਅਤੇ ਸਿਹਤ ਸਿਸਟਮ ਵਿੱਚ ਸੁਧਾਰ ਲਈ ਪੰਜਾਬ ਅੰਦਰ ਵੱਡਾ ਅੰਦੋਲਨ ਛੇੜ ਦਿੱਤਾ ਹੈ , ਉਨਾਂ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਬਹੁਜਨ ਸਮਾਜ ਪਾਰਟੀ ਦੇ ਨੀਲੇ ਝੰਡੇ ਹੇਠ ਇਕੱਠੇ ਹੋ ਕੇ ਪੰਜਾਬ ਸੰਭਾਲੋ ਮੁਹਿੰਮ ਨੂੰ ਸਫਲ ਕਰਨ ਲਈ ਆਪਣਾ ਬਣਦਾ ਹਿੱਸਾ ਜਰੂਰ ਪਾਉਣ ।



## ਸਾਕੇਤ ਹਸਪਤਾਲ ਵਿਖੇ ਫਸਟ ਏਡ ਟ੍ਰੇਨਿੰਗ ਸੈਂਟਰ ਸ਼ੁਰੂ ਹੋਵੇਗਾ

ਪਟਿਆਲਾ, 29 ਜੂਨ (ਆਵਾਜ਼ਿ ਕੌਮ ਬਿਊਰੋ)- ਪੰਜਾਬ ਰੈੱਡ ਕਰਾਸ ਸੁਸਾਇਟੀ ਦੇ ਸਕੱਤਰ ਸ਼੍ਰੀ ਸ਼ਿਵ ਦੁਲਾਰ ਸਿੰਘ ਢਿੱਲੋਂ, ਆਈ.ਏ.ਐਸ ( ਸੇਵਾ ਮੁਕਤ) ਦੀਆਂ ਕੋਸ਼ਿਸ਼ਾਂ ਸਦਕਾ ਹੁਣ ਪਟਿਆਲਾ ਵਿਖੇ ਕੰਡਕਟਰਾਂ ਡਰਾਈਵਰਾਂ, ਨੈਨੀ, ਵਿਦਿਆਰਥੀਆਂ, ਅਧਿਆਪਕਾਂ, ਪੁਲਿਸ ਫੈਕਟਰੀ ਕਰਮਚਾਰੀਆਂ, ਐਨ ਐਸ ਐਸ ਵੰਲਟੀਅਰਾਂ, ਐਨ ਸੀ ਸੀ ਕੇਡਿਟਜ, ਦਾਖਲ ਮਰੀਜ਼ਾਂ, ਉਨ੍ਹਾਂ ਦੇ ਪਰਿਵਾਰਿਕ ਮੈਂਬਰਾਂ ਅਤੇ ਆਮ ਲੋਕਾਂ ਨੂੰ ਫਸਟ ਏਡ, ਸੀ ਪੀ ਆਰ, ਜ਼ਖਮੀਆਂ ਦੀ ਸੇਵਾ ਸੰਭਾਲ, ਫਾਇਰ ਸੇਫਟੀ, ਆਫ਼ਤ ਪ੍ਰਬੰਧਨ ਦੀ ਟ੍ਰੇਨਿੰਗ ਜੂਲਾਈ ਦੇ ਪਹਿਲੇ ਹਫ਼ਤੇ ਵਿੱਚ ਰੈੱਡ ਕਰਾਸ ਸਾਕੇਤ ਹਸਪਤਾਲ ਬਡੂੰਗਰ ਰੋਡ , ਨੇੜੇ ਖਾਲਸਾ ਕਾਲਜ ਪਟਿਆਲਾ ਵਿਖੇ ਦਿੱਤੀ ਜਾਵੇਗੀ। ਸਾਕੇਤ ਹਸਪਤਾਲ ਨਸ਼ਾ ਛੁਡਾਊ ਕੇਂਦਰ ਦੇ ਡਾਇਰੈਕਟਰ ਪ੍ਰਮਿੰਦਰ ਕੌਰ ਮਨਚੰਦਾ ਨੇ ਦੱਸਿਆ ਕਿ ਟ੍ਰੇਨਿੰਗ ਲੈਣ ਵਾਲੇ ਅਤੇ ਵਿਦੇਸ਼ਾਂ ਵਿੱਚ ਜਾਣ ਵਾਲੇ ਨੋਜਵਾਨਾਂ ਨੂੰ ਟ੍ਰੇਨਿੰਗ ਉਪਰੰਤ ਤੁਰੰਤ ਆਨ ਲਾਈਨ ਸਰਟੀਫਿਕੇਟ ਵੀ ਦੇ ਦਿੱਤਾ ਜਾਵੇਗਾ। ਇਸ ਮੌਕੇ ਸ਼੍ਰੀ ਕਾਕਾ ਰਾਮ ਵਰਮਾ ਭਾਰਤ ਸਰਕਾਰ ਦੇ ਆਫ਼ਤ ਪ੍ਰਬੰਧਨ ਸਿਵਲ ਡਿਫੈਂਸ ਫਸਟ ਏਡ ਫਾਇਰ ਸੇਫਟੀ ਟ੍ਰੇਨਰ, ਪੰਜਾਬ ਪੁਲਿਸ ਆਵਾਜਾਈ ਸਿੱਖਿਆ ਸੈਲ ਦੇ ਸਹਾਇਕ ਇੰਸਪੈਕਟਰ ਰਾਮ ਸਰਨ ਨੇ ਰੈੱਡ ਕਰਾਸ ਨਸ਼ਾ ਛੁਡਾਊ ਏਕੀਕ੍ਰਿਤ ਸੇਂਟਰ ਦੇ ਡਾਇਰੈਕਟਰ ਅਤੇ ਸਟਾਫ ਮੈਂਬਰਾਂ ਦੇ ਉੱਦਮ, ਹੌਂਸਲੇ, ਇਨਸਾਨੀਅਤ ਪ੍ਰਤੀ ਪ੍ਰੇਮ ਦੀ ਪ੍ਰਸ਼ੰਸਾ ਕੀਤੀ ਜਿਨ੍ਹਾਂ ਦੇ ਯਤਨਾਂ ਸਦਕਾ, ਪੰਜਾਬ ਹਰਿਆਣਾ ਹਿਮਾਚਲ ਪ੍ਰਦੇਸ਼ ਅਤੇ ਰਾਜਸਥਾਨ ਦੇ ਹਜ਼ਾਰਾਂ ਨੋਜਵਾਨਾਂ ਨੂੰ, ਇਸ ਸੇਂਟਰ ਵਿਖੇ ਰੱਖ ਕੇ, ਮੁਫਤ ਇਲਾਜ ਕਾਉਂਸਲਿੰਗ ਭੋਜਨ ਪਾਣੀ ਮੰਜ਼ੇ ਆਦਿ ਪ੍ਰਦਾਨ ਕਰਕੇ, ਨਸ਼ਾ ਮੁਕਤ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਹੁਣ ਪਟਿਆਲਾ ਵਿਖੇ ਫਸਟ ਏਡ, ਸੀ.ਪੀ.ਆਰ, ਫਾਇਰ ਸੇਫਟੀ, ਆਫ਼ਤ ਪ੍ਰਬੰਧਨ, ਸਿਵਲ ਡਿਫੈਂਸ ਦੀ ਟ੍ਰੇਨਿੰਗ ਦੇਕੇ ਨੋਜਵਾਨਾਂ ਨੂੰ ਪੀੜਤਾਂ ਦੇ ਮਦਦਗਾਰ ਫ਼ਰਿਸ਼ਤੇ ਬਣਾਇਆ ਜਾਵੇਗਾ। ਡਾਕਟਰ ਸੰਦੀਪ ਸਿੰਘ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਰਲਮਿਲ ਕੇ ਆਪਣੇ ਦੇਸ਼, ਸਮਾਜ ਅਤੇ ਘਰ ਪਰਿਵਾਰਾਂ ਨੂੰ ਸੁਰੱਖਿਅਤ, ਸਿਹਤਮੰਦ, ਖੁਸ਼ਹਾਲ, ਉੱਨਤ ਬਣਾਉਣ ਲਈ ਯਤਨ ਕਰਨੇ ਚਾਹੀਦੇ ਹਨ।

ਆਵਾਜ਼ਿ ਕੌਮ AWAZE QAUM International Newspaper & WEB TV

ਪ੍ਰਧਾਨ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਜਥੇਦਾਰ ਜਗਦੀਸ਼ ਸਿੰਘ ਜੀ ਝੀਂਡਾ ਡੇਰਾ ਬਿਆਸ ਵਿਖੇ ਪਹੁੰਚੇ

# ਬਿਆਸ ਡੇਰਾ ਮੁਖੀ ਬਾਬਾ ਗੁਰਿੰਦਰ ਸਿੰਘ ਨਾਲ ਲੰਮਾ ਸਮਾਂ ਸਿੱਖ ਧਰਮ ਅਤੇ ਡੇਰਿਆਂ ਬਾਰੇ ਵਿਚਾਰ ਵਟਾਂਦਰਾ







ਆਵਾਜ਼ਿ ਕੌਮ AWAZE QAUM International Newspaper & WEB TV







ਜਥੇਦਾਰ ਜਗਦੀਸ਼ ਸਿੰਘ ਜੀ ਝੀਂਡਾ ਪ੍ਰਧਾਨ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅੱਜ ਬਿਆਸ ਡੇਰਾ ਮੁੱਖੀ ਬਾਬਾ ਗੁਰਿੰਦਰ ਸਿੰਘ ਜੀ ਨੂੰ ਡੇਰਾ ਬਿਆਸ ਵਿੱਖੇ ਮਿਲੇ ਅਤੇ ਕਾਫੀ ਲੰਮਾ ਸਮਾਂ ਸਿੱਖ ਧਰਮ ਅਤੇ ਡੇਰਿਆਂ ਬਾਰੇ ਵਿਚਾਰ ਵਟਾਂਦਰਾ ਕੀਤਾ। ਪ੍ਰਧਾਨ ਸਾਹਿਬ ਨੇ ਡੇਰਾ ਮੁੱਖੀ ਨਾਲ ਵਿਚਾਰ ਕੀਤੀ ਕਿ ਡੇਰਾ ਅਤੇ ਸਿੱਖਾਂ ਵਿੱਚ ਆਪਸੀ ਦੂਰੀ ਕਿਉਂ ਵਧੀ,ਪ੍ਰਧਾਨ ਸਾਹਿਬ ਨੇ ਗੰਭੀਰਤਾ ਨਾਲ ਇਸ ਗੱਲ ਤੇ ਵਿਚਾਰ ਕੀਤੀ ਕਿ ਡੇਰੇ ਕਿਉਂ ਹੋਂਦ ਵਿੱਚ ਆਏ। ਡੇਰਾ ਮੁੱਖੀ ਨੇ ਇਸ ਗੱਲ ਨੂੰ ਸਮਝਦਿਆਂ ਕਿਹਾ ਕਿ ਸਾਨੂੰ ਅਪਣੀ ਕਮੀਆਂ ਤੇ ਗੰਭੀਰਤਾ ਨਾਲ ਵਿਚਾਰ ਕਰਕੇ ਇਨ੍ਹਾਂ ਨੂੰ ਖ਼ਤਮ ਕਰਨ ਲਈ ਕੰਮ ਕਰਨਾ ਚਾਹੀਦਾ ਹੈ ਡੇਰਾ ਮੁੱਖੀ ਨੇ ਪ੍ਰਧਾਨ ਸਾਹਿਬ ਨੂੰ ਕਿਹਾ ਕਿ ਝੀਂਡਾ ਸਾਹਿਬ ਮੈਂ ਤੁਹਾਡੇ ਬਾਰੇ ਅਖਬਾਰਾਂ ਵਿੱਚ ਵੀ ਪੜਿਆ ਤੇ ਤੁਹਾਡੀ ਸ਼ਖ਼ਸ਼ੀਅਤ ਤੋਂ ਹਮੇਸ਼ਾ ਤੋਂ ਹੀ ਪ੍ਰਭਾਵਿਤ ਰਿਹਾ।ਉਨ੍ਹਾਂ ਕਿਹਾ ਕਿ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਝੀਂਡਾ ਸਾਹਿਬ ਦੇ ਕੀਤੇ ਹੋਏ ਲੰਮੇ ਸੰਘਰਸ਼ ਦੀ ਦੇਣ ਹੈ।

(ਫੋਟੋਆਂ ਤੇ ਵੇਰਵਾ : ਆਵਾਜ਼ਿ ਕੌਮ ਬਿਊਰੋ, ਯੂ. ਕੇ.)

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243